ਵੱਲੋਂ

ਡਾਇਰੈਕਟਰ ਅਕਾਦਮਿਕ,
ਪੰਜਾਬ ਸਕੂਲ ਸਿੱਖਿਆ ਬੋਰਡ,
ਮੋਹਾਲੀ।

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ
2. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ
   ਸਰਕਾਰੀ/ਮਾਨਤਾ ਪ੍ਰਾਪਤ/ਐਫੀਲੀਏਟਿਡ,
   ਐਲੀਮੈਂਟਰੀ/ਸੈਂਕਡਰੀ ਸਕੂਲ ਪੰਜਾਬ ਰਾਜ।

ਪੱਤਰ ਨੰ: ਪਸਸਬ.ਅਕ. ਸੁ: 2008/24570 ਤੋਂ 41570 ਮਿਤੀ ਮੋਹਾਲੀ 24-04-08

**ਵਿਸ਼ਾ** :- ਦਾਖ਼ਲਾ ਸਾਲ 2008-09 ਲਈ ਮੈਟ੍ਰਿਕ ਸ਼੍ਰੇਣੀਆਂ ਤੱਕ ਲਾਗੂ ਨਵੇਂ ਪਾਠ-ਕ੍ਰਮ ਤੇ ਤਬਦੀਲ ਕੀਤੇ ਪਾਠ-ਕ੍ਰਮ/ਅਗਵਾਈ ਲੀਹਾਂ ਬਾਰੇ ਸੂਚਨਾ ।

ਦਾਖ਼ਲਾ ਸਾਲ 2008 ਲਈ ਮੈਟ੍ਰਿਕ ਸ਼੍ਰੇਣੀਆਂ ਤੱਕ ਲਾਗੂ ਕੀਤੇ ਨਵੇਂ ਪਾਠ-ਕ੍ਰਮ/ਅਗਵਾਈ ਲੀਹਾਂ ਤੇ ਪਹਿਲਾਂ ਲਾਗੂ ਪਾਠ-ਕ੍ਰਮ ਵਿਚ ਤਬਦੀਲੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ: | ਸ਼੍ਰੇਣੀ | ਵਿਸ਼ਾ | ਪਾਠ-ਕ੍ਰਮ/ਅਗਵਾਈ ਲੀਹਾਂ | ਵਿਸ਼ੇਸ਼ ਕਥਨ |
|---|---|---|---|---|
| 1. | ਪੰਜਵੀਂ | ਪੰਜਾਬੀ(ਪਹਿਲੀ ਭਾਸ਼ਾ) | ਪਾਠ-ਕ੍ਰਮ ਅਤੇ ਪ੍ਰਸ਼ਨ ਪੱਤਰ ਦੀ ਰੂਪ ਰੇਖਾ | ਦਾਖ਼ਲਾ ਸਾਲ 2007 ਤੋਂ ਲਾਗੂ ਹੈ । |
| 2. | ਪੰਜਵੀਂ | ਪੰਜਾਬੀ (ਦੂਜੀ ਭਾਸ਼ਾ) | ,, | ,, |
| 3. | ਛੇਵੀਂ | ਪੰਜਾਬੀ (ਪਹਿਲੀ ਭਾਸ਼ਾ) | ਪਾਠਕ੍ਰਮ | ਦਾਖ਼ਲਾ ਸਾਲ 2008 ਤੋਂ |
| 4. | ਪੰਜਵੀਂ | ਹਿੰਦੀ (ਪਹਿਲੀ ਭਾਸ਼ਾ) | ਪਾਠ-ਕ੍ਰਮ ਤੇ ਅਗਵਾਈ ਲੀਹਾਂ | ,, |
| 5. | ਪੰਜਵੀਂ | ਹਿੰਦੀ (ਦੂਜੀ ਭਾਸ਼ਾ) | ,, ,, | ਦਾਖ਼ਲਾ ਸਾਲ 2007 ਤੋਂ ਲਾਗੂ ਹੈ। |
| 6. | ਤੀਸਰੀ | ਵਾਤਾਵਰਨ ਸਿੱਖਿਆ | ਪਾਠਕ੍ਰਮ | ,, |
| 7. | ਚੌਥੀ | ,, | ,, | ,, |
| 8. | ਪੰਜਵੀਂ | ,, | ਪਾਠ-ਕ੍ਰਮ ਤੇ ਅਗਵਾਈ ਲੀਹਾਂ | ,, |
| 9. | ਪੰਜਵੀਂ | ਗਣਿਤ | ,, | ,, |
| 10. | ਛੇਵੀਂ | ਵਿਗਿਆਨ | ਪਾਠ-ਕ੍ਰਮ ਤੇ ਅਗਵਾਈ ਲੀਹਾਂ ਵਿਚ ਤਬਦੀਲੀ ਸੰਬੰਧੀ | ਦਾਖ਼ਲਾ ਸਾਲ 2008 ਤੋਂ |
| 11. | ਸੱਤਵੀਂ | ,, | | ,, |
| 12. | ਅੱਠਵੀਂ | ,, | | ,, |
| 13. | ਅੱਠਵੀਂ | ਸਮਾਜਿਕ ਵਿਗਿਆਨ | ਤਬਦੀਲ ਪਾਠ-ਕ੍ਰਮ | ,, |

**ਸੂਚਨਾ ਹਿੱਤ**

**ਡਾਇਰੈਕਟਰ ਅਕਾਦਮਿਕ,**
**ਪੰਜਾਬ ਸਕੂਲ ਸਿੱਖਿਆ ਬੋਰਡ,**
**ਮੁਹਾਲੀ।**

# 1. ਪੰਜਾਬੀ (ਪਹਿਲੀ ਭਾਸ਼ਾ)
# ਸ਼੍ਰੇਣੀ : ਪੰਜਵੀਂ

**ਉਦੇਸ਼**

**1 ਪੜ੍ਹਨਾ**

(ੳ) ਵਿਦਿਆਰਥੀ, ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸਰਾਮ-ਚਿੰਨ੍ਹਾਂ ਪ੍ਰਤੀ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਤੇ ਪ੍ਰਭਾਵਸ਼ਾਲੀ ਢੰਗ ਨਾਲ਼ ਬੋਲ ਕੇ ਪੜ੍ਹ ਸਕੇ।

(ਅ) ਲੋੜੀਂਦੀ ਗਤੀ ਨਾਲ਼ ਅਤੇ ਪੂਰੀ ਤਰ੍ਹਾਂ ਸਮਝਦਿਆਂ ਹੋਇਆਂ ਚੁੱਪ-ਚਾਪ ਮੂੰਹ ਵਿੱਚ ਹੀ ਪੜ੍ਹ ਸਕੇ।

(ੲ) ਅਖ਼ਬਾਰ, ਬਾਲ-ਰਸਾਲੇ (ਬਾਲ-ਸਾਹਿਤ) ਵਿੱਚੋਂ ਮਨ ਪਰਚਾਵੇ ਲਈ ਚੋਣਵੀਆਂ ਰਚਨਾਵਾਂ ਪੜ੍ਹ ਸਕੇ।

(ਸ) ਪਾਠ-ਸਮਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮਗਰੀ ਦੀ ਚੋਣ ਕਰ ਸਕੇ।

(ਹ) ਪੰਜਾਬੀ ਦੇ ਸ਼ਬਦ-ਕੋਸ਼ ਦੀ ਵਰਤੋਂ ਕਰ ਸਕੇ।

**2. ਗ੍ਰਹਿਣ ਕਰਨਾ**

**(i) ਸੁਣ ਕੇ**

(ੳ) ਵਿਦਿਆਰਥੀ, ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠਾਂ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ।

(ੲ) ਟੈਲੀਵੀਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਵੇਖੇ, ਸੁਣੇ ਪ੍ਰੋਗਰਾਮ ਆਦਿ ਨੂੰ ਸਮਝ ਅਤੇ ਸਲਾਹ ਸਕੇ।

(ਸ) ਕਿਸੇ ਦਾ ਬੋਲਿਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ।

(ਹ) ਰੇਡੀਓ, ਟੈਲੀਵੀਜ਼ਨ ਤੋਂ ਸਕੂਲਾਂ ਲਈ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮ ਸੁਣ ਕੇ ਸਮਝ ਸਕੇ।

**(ii) ਪੜ੍ਹ ਕੇ**

(ੳ) ਵਿਦਿਆਰਥੀ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਨ ਉਪਰੰਤ ਉਸ ਸਮਗਰੀ ਵਿੱਚੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ।

(ਅ) ਪੜ੍ਹੀ ਗਈ ਸਮਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕੇ।

(ੲ) ਆਪਣੀ ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਨੂੰ ਗ੍ਰਹਿਣ ਕਰ ਸਕੇ।

(ਸ) ਕਿਸੇ ਨੋਟਿਸ, ਇਸ਼ਤਿਹਾਰ ਅਤੇ ਮੱਟੋ ਆਦਿ ਨੂੰ ਪੜ੍ਹ ਕੇ ਉਸ ਦਾ ਭਾਵ ਸਮਝ ਸਕੇ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

(ਕ) ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕੇ।

**3. ਪ੍ਰਗਟਾਅ**

**(i) ਮੌਖਿਕ**

(ੳ) ਵਿਦਿਆਰਥੀ ਆਦਰ ਭਾਵ ਅਤੇ ਠਰ੍ਹੰਮੇ ਨਾਲ਼ ਬੋਲ ਸਕੇ।

(ਅ) ਗੱਲ-ਬਾਤ ਵਿੱਚ ਭਾਗ ਲੈ ਸਕੇ ਅਤੇ ਉਸ ਨੂੰ ਨਾਟਕੀ ਰੂਪ ਦੇ ਸਕੇ।

(ੲ) ਸਹੀ ਉਚਾਰਨ,ਦਬਾਅ,ਤਾਨ,ਗਤੀ ਅਤੇ ਸੌਖ ਨਾਲ਼ ਪ੍ਰਮਾਣਿਕ ਪੰਜਾਬੀ ਬੋਲ ਸਕੇ।

(ਸ) ਸੁਣੀ ਜਾਂ ਪੜ੍ਹੀ ਹੋਈ ਸਮਗਰੀ ਵਿੱਚੋਂ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ।

**(ii) ਲਿਖਤੀ**

(ੳ) ਵਿਦਿਆਰਥੀ ਸ਼ਬਦਾਂ, ਵਾਕਾਂ ਤੇ ਪੈਰਿਆਂ ਨੂੰ ਸੁਣ ਕੇ ਲੋੜੀਂਦੀ ਗਤੀ ਨਾਲ਼ ਸ਼ੁੱਧ ਲਿਖ ਸਕੇ।

(ਅ) ਲਿਖਣ ਵੇਲੇ ਪੂਰਨ ਵਿਸਰਾਮ-ਚਿੰਨ੍ਹ, ਪ੍ਰਸ਼ਨਵਾਚਕ-ਚਿੰਨ੍ਹ, ਵਿਸਮਿਕ-ਚਿੰਨ੍ਹ ਅਤੇ ਜੋੜਨੀ ਆਦਿ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ।

(ੲ) ਪਾਠ-ਪੁਸਤਕ ਵਿਚਲੇ ਪਾਠਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਉੱਤਰ ਆਪਣੀਆਂ ਕਾਪੀਆਂ ਅਤੇ ਬਲੈਕ-ਬੋਰਡ ਉੱਤੇ ਵੀ ਲਿਖ ਸਕੇ।

(ਸ) ਦਿੱਤੀ ਗਈ ਵਿਚਾਰ ਸਮਗਰੀ ਨੂੰ ਲੋੜੀਂਦੀ ਤਰਤੀਬ ਦੇ ਕੇ ਲਿਖ ਸਕੇ।

(ਹ) ਆਪਣੀ ਲਿਖਤ ਵਿੱਚ ਕਾਲਪਨਿਕ ਦ੍ਰਿਸ਼ਾਂ ਦਾ ਵਰਨਣ ਕਰ ਸਕੇ।

4. ਲਿਖਤ ਰਚਨਾ

(ੳ) ਵਿਦਿਆਰਥੀ ਪਿਕਨਿਕ, ਮੇਲਾ, ਤਿਉਹਾਰ, ਕਿਸੇ ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਨਿੱਕੇ-ਨਿੱਕੇ ਪੈਰੇ ਜਾਂ ਲੇਖ ਲਿਖ ਸਕੇ।

(ਅ) ਸਧਾਰਨ ਪੱਤਰ ਅਤੇ ਬਿਨੈ-ਪੱਤਰ ਆਦਿ ਲਿਖ ਸਕੇ।

(ੲ) ਦਿੱਤੇ ਹੋਏ ਸੰਕੇਤਾਂ 'ਤੇ ਆਧਾਰਿਤ ਕਹਾਣੀ ਲਿਖ ਸਕੇ।

(ਸ) ਰਚਨਾਤਮਿਕ ਅਭਿਆਸ ਲਈ ਸਰਲ ਭਾਂਤ ਦੀ ਤੁਕਬੰਦੀ, ਕਹਾਣੀ, ਵਾਰਤਾਲਾਪ, ਲੇਖ ਆਦਿ ਲਿਖ ਸਕੇ।

**ਨਿਯਤ ਪਾਠ-ਪੁਸਤਕ**

**ਪੰਜਾਬੀ ਪੁਸਤਕ-5 (ਪਹਿਲੀ ਭਾਸ਼ਾ)**

**(ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

## ਪੰਜਾਬੀ (ਪਹਿਲੀ ਭਾਸ਼ਾ)

## ਸ਼੍ਰੇਣੀ : ਪੰਜਵੀਂ

**(ਲਿਖਤੀ ਪਰੀਖਿਆ ਦੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ)**

**(ਦਾਖ਼ਲਾ ਸਾਲ 2●●7-2●●8 ਤੋਂ ਲਾਗੂ)**

**ਸਮਾਂ : 2 ਘੰਟੇ** **ਕੁੱਲ ਅੰਕ :1●●**

**ਪਾਸ ਅੰਕ : 33**

1. ਨਿਯਤ ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਵਿੱਚੋਂ ਕੋਈ ਤਿੰਨ ਕਵਿਤਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਕਵਿਤਾ ਦੀਆਂ ਚਾਰ ਸਤਰਾਂ ਲਿਖਣ ਲਈ ਕਿਹਾ ਜਾਵੇਗਾ। 1●

2. ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਵਿੱਚੋਂ ਅਧੂਰੀਆਂ ਸਤਰਾਂ ਦੇ ਕੇ ਉਹਨਾਂ ਨੂੰ ਪੂਰਾ ਕਰਨ ਲਈ ਕਿਹਾ ਜਾਵੇਗਾ। ਇਸ ਪ੍ਰਸ਼ਨ ਦੇ ਦੋ ਭਾਗ (ੳ) ਅਤੇ (ਅ) ਹੋਣਗੇ। ਹਰੇਕ ਭਾਗ ਵਿੱਚ ਕਿਸੇ ਕਵਿਤਾ ਦੀ ਇੱਕ ਸਤਰ ਦਿੱਤੀ ਜਾਵੇਗੀ ਤੇ ਉਸ ਦੇ ਨਾਲ਼ ਮੇਲਵੀਂ ਕਵਿਤਾ ਦੀ ਸਤਰ ਲਿਖਣ ਲਈ ਕਿਹਾ ਜਾਵੇਗਾ। 2×5=1●

3. ਪਾਠ-ਪੁਸਤਕ ਵਿਚ ਸ਼ਾਮਲ ਵਾਰਤਕ ਦੇ ਪਾਠਾਂ ਦੇ ਪਾਠ-ਅਭਿਆਸਾਂ ਵਿੱਚੋਂ ਛੋਟੇ ਉੱਤਰਾਂ ਵਾਲੇ ਸੱਤ ਪ੍ਰਸ਼ਨ ਦੇ ਕੇ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 5×4=2●

4. ਪਾਠ-ਪੁਸਤਕ ਦੇ ਪਾਠ-ਅਭਿਆਸਾਂ ਵਿੱਚ ਆਏ ਸ਼ਬਦਾਂ ਅਤੇ ਮੁਹਾਵਰਿਆਂ ਵਿੱਚੋਂ ਸੱਤ ਸ਼ਬਦ/

ਮੁਹਾਵਰੇ ਦੇ ਕੇ ਕੋਈ ਪੰਜ ਨੂੰ ਵਾਕਾਂ ਵਿੱਚ ਇਸ ਪ੍ਰਕਾਰ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। 5×2=10

5. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰਨ ਬਾਰੇ ਪੰਜ ਵਾਕ ਦੇ ਕੇ ਖ਼ਾਲੀ ਥਾਂਵਾਂ ਭਰਨ ਲਈ ਕਿਹਾ ਜਾਵੇਗਾ। 5×1=5

6. (ੳ) ਸੱਤ ਸ਼ਬਦ ਦੇ ਕੇ ਪੰਜ ਸ਼ਬਦਾਂ ਦੇ ਵਚਨ ਬਦਲਣ ਲਈ ਕਿਹਾ ਜਾਵੇਗਾ। 5×1=5

(ਅ) ਸੱਤ ਸ਼ਬਦ ਦੇ ਕੇ ਪੰਜ ਸ਼ਬਦਾਂ ਦੇ ਲਿੰਗ ਬਦਲਣ ਲਈ ਕਿਹਾ ਜਾਵੇਗਾ। 5×1=5

(ੲ) ਸੱਤ ਸ਼ਬਦ ਦੇ ਕੇ ਪੰਜ ਸ਼ਬਦਾਂ ਦੇ ਵਿਰੋਧਾਰਥਕ ਜਾਂ ਸਮਾਨਾਰਥਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ। 5×1=5

(ਸ) ਗਲਤ ਸ਼ਬਦ-ਜੋੜਾਂ ਵਾਲੇ ਪੰਜ ਸ਼ਬਦ ਦੇ ਕੇ ਉਹਨਾਂ ਦਾ ਸ਼ੁੱਧ ਰੂਪ ਲਿਖਣ ਲਈ ਕਿਹਾ ਜਾਵੇਗਾ। ਇਹ ਸ਼ਬਦ ਪਾਠ-ਪੁਸਤਕ ਵਿੱਚੋਂ ਹੋਣਗੇ। 5×1=5

7. ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ 15 ਵਾਕਾਂ ਦਾ ਲੇਖ ਲਿਖਣ ਲਈ ਕਿਹਾ ਜਾਵੇਗਾ। 15

8. ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਬਿਨੈ-ਪੱਤਰ ਜਾਂ ਪੱਤਰ ਲਿਖਣ ਲਈ ਕਿਹਾ ਜਾਵੇਗਾ। (2+6+2)=10

**ਪਾਠ-ਪੁਸਤਕ : ਪੰਜਾਬੀ ਪੁਸਤਕ -5 (ਪਹਿਲੀ ਭਾਸ਼ਾ)**
**(ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

# 2. ਪੰਜਾਬੀ (ਦੂਜੀ ਭਾਸ਼ਾ)
# ਸ਼੍ਰੇਣੀ : ਪੰਜਵੀਂ

## ਉਦੇਸ਼

### 1. ਪੜ੍ਹਨਾ

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ, ਲੇਖ ਆਦਿ ਪੜ੍ਹ ਸਕੇ।

(ਅ) ਉਹ ਪੰਜਾਬੀ ਦੇ ਅਖ਼ਬਾਰ, ਬਾਲ-ਰਸਾਲੇ, ਇਸ਼ਤਿਹਾਰ ਅਤੇ ਚਿੱਠੀ-ਪੱਤਰ ਆਦਿ ਪੜ੍ਹ ਸਕੇ।

(ੲ) ਉਹ ਬੋਲ ਕੇ ਵਿਸਰਾਮ-ਚਿੰਨ੍ਹਾਂ ਅਨੁਸਾਰ ਢੁਕਵੇਂ ਠਹਿਰਾਅ, ਦਬਾਅ ਤੇ ਤਾਨ ਨਾਲ਼ ਪੰਜਾਬੀ ਪੜ੍ਹ ਸਕੇ।

(ਸ) ਉਹ ਚੁੱਪ-ਚਾਪ ਤੇਜ਼ ਗਤੀ ਨਾਲ਼ ਪੰਜਾਬੀ ਪੜ੍ਹ ਸਕੇ।

### 2. ਗ੍ਰਹਿਣ ਕਰਨਾ

**(i) ਸੁਣ ਕੇ**

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ।

(ਅ) ਉਹ ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ।

(ੲ) ਉਹ ਸ਼੍ਰੇਣੀ ਜਾਂ ਸਕੂਲ ਸਭਾ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਨੂੰ ਸੁਣ ਕੇ ਸਮਝ ਅਤੇ ਸਲਾਹ ਸਕੇ।

(ਸ) ਉਹ ਰੇਡੀਓ ਅਤੇ ਟੈਲੀਵੀਜ਼ਨ ਤੋਂ ਸੁਣੇ, ਵੇਖੇ ਬੱਚਿਆਂ ਦੇ ਪ੍ਰੋਗਰਾਮ ਆਦਿ ਨੂੰ ਸਮਝ ਅਤੇ ਸਲਾਹ ਸਕੇ।

(ਹ) ਉਹ ਆਮ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ।

(ਕ) ਉਹ ਕਿਸੇ ਦਾ ਬੋਲਿਆ ਸੁਣ ਕੇ ਉਸ ਵਿਚਲੇ ਵਿਅੰਗ ਤੇ ਅਵਾਜ਼ ਦੇ ਉਤਰਾਅ-ਚੜ੍ਹਾਅ ਦੁਆਰਾ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ।

**(ii) ਪੜ੍ਹ ਕੇ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੀ ਕਹਾਣੀ ਪੜ੍ਹ ਕੇ ਉਸ ਦੇ ਘਟਨਾ-ਕ੍ਰਮ ਨੂੰ ਸਮਝ ਸਕੇ।

(ਅ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਦੇ ਸਾਰ ਨੂੰ ਸਮਝ ਸਕੇ। ਉਸ ਸੰਬੰਧੀ ਪੁੱਛੇ ਸਾਧਾਰਨ ਸਵਾਲਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ।

(ੲ) ਪਾਠ-ਪੁਸਤਕ ਦੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਜਾਂ ਸਿੱਖਿਆ ਨੂੰ ਗ੍ਰਹਿਣ ਕਰ ਸਕੇ।

(ਸ) ਬਾਲ-ਸਾਹਿਤ, ਅਖਬਾਰ ਅਤੇ ਕੋਈ ਚਿੱਠੀ ਜਾਂ ਰੁੱਕਾ ਪੜ੍ਹ ਕੇ ਸਮਝ ਸਕੇ।

(ਹ) ਵਿਸਰਾਮ-ਚਿੰਨ੍ਹਾਂ ਨੂੰ ਸਮਝਦਾ ਹੋਇਆ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

(ਕ) ਨਾਂਵ, ਪੜਨਾਂਵ, ਵਿਸ਼ਲੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿਚਲੇ ਨਿਖੇੜ ਨੂੰ ਸਮਝ ਸਕੇ।

## 3. ਪ੍ਰਗਟਾਅ

**(i) ਮੌਖਿਕ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠ ਬਾਰੇ ਪੁੱਛੇ ਨਿੱਕੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ।

(ਅ) ਪੜ੍ਹੀ ਜਾਂ ਸੁਣੀ ਹੋਈ ਕਿਸੇ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ।

(ੲ) ਆਪਣੇ ਸਾਥੀ ਵਿਦਿਆਰਥੀ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ।

((ਸ) ਆਪਣੀ ਪਾਠ-ਪੁਸਤਕ ਵਿੱਚੋਂ ਜਾਂ ਕਿਸੇ ਹੋਰ ਪੜ੍ਹਨ-ਸਮਗਰੀ ਵਿੱਚੋਂ ਕੋਈ ਕਵਿਤਾ ਜਾਂ ਗੀਤ ਯਾਦ ਕਰਕੇ ਸੁਣਾ ਸਕੇ।

(ਹ) ਆਪਣੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਕੋਈ ਦਿਲਚਸਪ ਗੱਲ ਜਾਂ ਘਟਨਾ ਸੁਣਾ ਸਕੇ।

**(ii) ਲਿਖਤੀ**

(ੳ) ਵਿਦਿਆਰਥੀ ਗੁਰਮੁਖੀ ਅੱਖਰਾਂ ਨੂੰ ਸੋਹਣਾ-ਸੋਹਣਾ ਕਰਕੇ ਅਤੇ ਅੱਖਰਾਂ ਦੀ ਬਣਾਵਟ ਨੂੰ ਆਕਰਸ਼ਕ ਬਣਾ ਕੇ ਲਿਖ ਸਕੇ।

(ਅ) ਪਾਠ-ਪੁਸਤਕ ਵਿੱਚੋਂ ਦਿਲਚਸਪ ਪੈਰੇ ਜਾਂ ਮਨ-ਪਸੰਦ ਕਵਿਤਾ ਦੀਆਂ ਤੁਕਾਂ ਆਦਿ ਨੂੰ ਖ਼ੂਬਸੂਰਤੀ ਨਾਲ਼ ਲਿਖ ਸਕੇ।

(ੲ) ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।

(ਸ) ਆਪਣੇ ਘਰ ਜਾਂ ਸ਼੍ਰੇਣੀ ਦੀ ਦੀਵਾਰ ਉੱਤੇ ਲਾਉਣ ਲਈ ਸੋਹਣੇ ਮੱਾਟੋ ਲਿਖ ਸਕੇ।

(ਹ) ਆਪਣੀ ਲੋੜ ਜਾਂ ਦਿਲਚਸਪੀ ਦੀ ਕੋਈ ਚੀਜ਼ ਨੋਟ ਕਰ ਸਕੇ।

## 2. ਲਿਖਤ ਰਚਨਾ

(ੳ) ਹੇਠ ਲਿਖਿਆਂ ਵਿੱਚੋਂ ਲਗ-ਪਗ ਦਸ ਵਿਸ਼ਿਆਂ ਬਾਰੇ 15-2● ਵਾਕ ਲਿਖ ਸਕੇ:
ਮੇਰਾ ਬਸਤਾ / ਮੇਰੀ ਕਿਤਾਬ, ਸਾਡਾ ਘਰ / ਸਕੂਲ, ਸਾਡਾ ਪਿੰਡ / ਸ਼ਹਿਰ, ਪਾਲਤੂ ਪਸ਼ੂ ਜਾਂ ਪੰਛੀ, ਡਾਕੀਆ/ਚੌਂਕੀਦਾਰ, ਮੇਰਾ ਅਧਿਆਪਕ, ਦਿਵਾਲ਼ੀ, ਦੁਸਹਿਰਾ ਅਤੇ ਵਰਖਾ-ਰੁੱਤ ਆਦਿ।

(ਅ) ਬਿਨੈ-ਪੱਤਰ/ਚਿੱਠੀਆਂ

**(i) ਬਿਨੈ-ਪੱਤਰ**

ਛੁੱਟੀ ਲੈਣ, ਮੈਚ ਖੇਡਣ ਦੀ ਆਗਿਆ ਲੈਣ,ਜੁਰਮਾਨਾ ਮਾਫ਼ ਕਰਾਉਣ ਆਦਿ ਬਾਰੇ ਸਕੂਲਾਂ ਦੇ ਮੁਖੀ ਨੂੰ ਬਿਨੈ-ਪੱਤਰ।

**(ii) ਚਿੱਠੀਆਂ :**

ਮਿੱਤਰ/ਸਹੇਲੀ, ਸਾਕ-ਸੰਬੰਧੀਆਂ ਨੂੰ ਚਿੱਠੀਆਂ, ਕੁੱਲ ਬਿਨੈ-ਪੱਤਰ/ਚਿੱਠੀਆਂ-ਦਸ

(ੲ) ਅਧਿਆਪਕ ਜਾਂ ਜਮਾਤ ਵਿੱਚ ਬੋਲ ਕੇ ਲਿਖਵਾਏ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖਣਾ।

(ਸ) ਪਾਠ-ਅਭਿਆਸ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖਣੇ।

**ਨਿਯਤ ਪਾਠ-ਪੁਸਤਕ**

**ਪੰਜਾਬੀ ਪਾਠ-ਪੁਸਤਕ -5 (ਦੂਜੀ ਭਾਸ਼ਾ)**

**(ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

## ਪੰਜਾਬੀ (ਦੂਜੀ ਭਾਸ਼ਾ)

## ਸ਼੍ਰੇਣੀ : ਪੰਜਵੀਂ

(ਲਿਖਤੀ ਪਰੀਖਿਆ ਦੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ)

(ਦਾਖ਼ਲਾ ਸਾਲ 2007-2008 ਤੋਂ ਲਾਗੂ)

**ਸਮਾਂ : 1 ਘੰਟਾ** **ਕੁੱਲ ਅੰਕ : 50**

1. ਨਿਯਤ ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਵਿੱਚੋਂ ਕੋਈ ਤਿੰਨ ਕਵਿਤਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਕਵਿਤਾ ਦੀਆਂ ਚਾਰ ਸਤਰਾਂ ਲਿਖਣ ਲਈ ਕਿਹਾ ਜਾਵੇਗਾ। 5
2. ਪਾਠ-ਪੁਸਤਕ ਵਿੱਚ ਸ਼ਾਮਲ ਵਾਰਤਕ ਦੇ ਪਾਠਾਂ ਦੇ ਪਾਠ-ਅਭਿਆਸਾਂ ਵਿੱਚੋਂ ਛੋਟੇ ਉੱਤਰਾਂ ਵਾਲੇ ਪੰਜ ਪ੍ਰਸ਼ਨ ਦੇ ਕੇ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 3×3=9
3. ਪਾਠ-ਪੁਸਤਕ ਦੇ ਪਾਠ- ਅਭਿਆਸਾਂ ਵਿੱਚੋਂ ਆਏ ਸ਼ਬਦਾਂ ਵਿੱਚੋਂ ਸੱਤ ਸ਼ਬਦ ਦੇ ਕੇ ਕੋਈ ਪੰਜ ਸ਼ਬਦਾਂ ਨੂੰ ਵਾਕਾਂ ਵਿੱਚ ਇਸ ਪ੍ਰਕਾਰ ਵਰਤਣ ਲਈ ਕਿਹਾ ਜਾਵੇਗਾ ਕਿ ਅਰਥ ਸਪਸ਼ਟ ਹੋ ਜਾਣ। 5×2=10
4. ਪਾਠ-ਅਭਿਆਸਾਂ ਵਿੱਚ ਹਿੰਦੀ ਦੇ ਪੰਜ ਸ਼ਬਦ ਦੇ ਕੇ ਉਹਨਾਂ ਦਾ ਪੰਜਾਬੀ ਰੂਪ ਲਿਖਣ ਲਈ ਕਿਹਾ ਜਾਵੇਗਾ। 5×1=5
5. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰਨ ਬਾਰੇ ਪੰਜ ਵਾਕ ਕੇ ਕੇ ਖ਼ਾਲੀ ਥਾਂਵਾਂ ਭਰਨ ਲਈ ਕਿਹਾ ਜਾਵੇਗਾ। 5×1=5
6. ਕੋਈ ਪੰਜ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਲਗ-ਪਗ 8-10 ਵਾਕਾਂ ਦਾ ਲੇਖ ਲਿਖਣ ਲਈ ਕਿਹਾ ਜਾਵੇਗਾ। 10
7. ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਬਿਨੈ-ਪੱਤਰ ਜਾਂ ਪੱਤਰ ਲਿਖਣ ਲਈ ਕਿਹਾ ਜਾਵੇ (2+2+2)=6

**ਪਾਠ-ਪੁਸਤਕ : ਪੰਜਾਬੀ ਪਾਠ-ਪੁਸਤਕ-5**

**(ਦੂਜੀ ਭਾਸ਼ਾ)**

**(ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

# 3. ਪੰਜਾਬੀ (ਪਹਿਲੀ ਭਾਸ਼ਾ)

## ਸ਼੍ਰੇਣੀ : ਛੇਵੀਂ

**ਉਦੇਸ਼**

### 1. ਪੜ੍ਹਾਈ

(i) ਵਿਦਿਆਰਥੀ ਆਪਣੇ ਮਾਨਸਿਕ ਪੱਧਰ ਦੀ ਪੜ੍ਹਨ-ਸਮਗਰੀ ਉੱਚੀ ਬੋਲ ਕੇ ਅਤੇ ਚੁੱਪ-ਚਾਪ ਮੂੰਹ ਵਿੱਚ ਹੀ ਗਤੀ ਨਾਲ਼ ਪੜ੍ਹ ਸਕੇ।

(ii) ਉਹ ਪੜ੍ਹਨ ਸਮੇਂ ਇਬਾਰਤ ਵਿੱਚ ਲੱਗੇ ਵਿਸਰਾਮ -ਚਿੰਨ੍ਹਾਂ ਅਨੁਸਾਰ ਲੇਖਕ ਦੇ ਹਾਵਾਂ-ਭਾਵਾਂ ਨੂੰ ਸਮਝ ਸਕੇ।

(iii) ਉਹ ਛਪੀ ਸਮਗਰੀ ਤੋਂ ਇਲਾਵਾ ਆਪਣੀ ਅਤੇ ਉਸੇ ਤਰ੍ਹਾਂ ਦੂਜਿਆਂ ਦੀ ਹੱਥ-ਲਿਖਤ ਗਤੀ ਨਾਲ਼ ਪੜ੍ਹ ਸਕੇ।

(iv) ਉਹ ਲੋੜ ਪੈਣ 'ਤੇ ਕਿਸੇ ਲਿਖਤ ਅਰਥਾਤ ਕਹਾਣੀ, ਵਾਰਤਾ, ਸੂਚਨਾ, ਇਸ਼ਤਿਹਾਰ ਅਤੇ ਅਖ਼ਬਾਰ ਦੀ ਖ਼ਬਰ ਨੂੰ ਠਰ੍ਹੰਮੇ ਤੇ ਵਹਾਅ ਨਾਲ ਪੜ੍ਹ ਕੇ ਸੁਣਾ ਸਕੇ।

## 2. ਗ੍ਰਹਿਣ ਕਰਨਾ

**(ੳ) ਸੁਣ ਕੇ ਗ੍ਰਹਿਣ ਕਰਨਾ**

(i) ਵਿਦਿਆਰਥੀ ਦੂਜਿਆਂ ਦੇ ਵਿਚਾਰਾਂ ਨੂੰ ਇਕਾਗਰਤਾ ਨਾਲ਼ ਸੁਣ ਅਤੇ ਸਮਝ ਸਕੇ।

(ii) ਉਹ ਬੋਲਣ ਵਾਲ਼ੇ ਦੇ ਸ਼ਬਦਾਂ ਵਿੱਚ ਲੁਕੇ ਵਿਅੰਗ, ਚੋਭ ਤੇ ਇਸ਼ਾਰੇ ਨੂੰ ਸਮਝ ਸਕੇ।

(iii) ਉਹ ਬੋਲਣ ਵਾਲ਼ੇ ਦੇ ਸ਼ੁੱਧ ਉਚਾਰਨ ਤੇ ਪ੍ਰਭਾਵਸ਼ਾਲੀ ਲਹਿਜੇ ਨੂੰ ਸਲਾਹ ਸਕੇ।

(iv) ਉਹ ਕਵਿਤਾ ਅਤੇ ਗੀਤਾਂ ਦੇ ਗਾਇਨ ਨੂੰ ਸੁਣ ਕੇ ਸਲਾਹ ਸਕੇ।

**(ਅ) ਪੜ੍ਹ ਕੇ ਗ੍ਰਹਿਣ ਕਰਨਾ**

(i) ਵਿਦਿਆਰਥੀ ਪਾਠ-ਪੁਸਤਕ ਵਿੱਚੋਂ ਕਿਸੇ ਪਾਠ ਨੂੰ ਪੜ੍ਹ ਕੇ ਉਸ ਦਾ ਸਾਰ ਦੱਸ ਸਕੇ।

(ii) ਉਹ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ।

**ਨੋਟ:-** ਇਸ ਪੱਧਰ ਉੱਤੇ ਵਿਦਿਆਰਥੀ ਗਿਆਨ, ਜਾਣਕਾਰੀ ਅਤੇ ਅਨੰਦ ਪ੍ਰਾਪਤ ਕਰਨ ਲਈ ਪੜ੍ਹੇਗਾ। ਹਰ ਸ਼੍ਰੇਣੀ ਵਿੱਚ ਉਹ ਨਿਯਤ ਪਾਠ-ਪੁਸਤਕ ਪੜ੍ਹੇਗਾ। ਇਸ ਤੋਂ ਇਲਾਵਾ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਬਾਲ ਪੁਸਤਕਾਂ, ਬਾਲ ਰਸਾਲੇ ਤੇ ਅਖ਼ਬਾਰ ਵੀ ਪੜ੍ਹੇਗਾ।

## 3. ਪ੍ਰਗਟਾਅ

**(ੳ) ਮੌਖਿਕ ਪ੍ਰਗਟਾਅ**

ਵਿਦਿਆਰਥੀ ਆਪਣੇ ਵਿਚਾਰਾਂ ਨੂੰ ਸ਼ੁੱਧ, ਸਪਸ਼ਟ, ਸਰਲ ਅਤੇ ਰਵਾਨੀ ਵਾਲੀ ਬੋਲੀ ਵਿੱਚ ਆਤਮ ਵਿਸ਼ਵਾਸ ਨਾਲ਼ ਪ੍ਰਗਟ ਕਰਨ ਦੇ ਸਮਰੱਥ ਹੋ ਸਕੇ।

**( ਇਹ ਵਿਚਾਰ ਉਸ ਦੀ ਪੜ੍ਹੀ ਸਮਗਰੀ ਨਾਲ਼ ਸੰਬੰਧਿਤ ਜਾਂ ਉਸ ਦੇ ਅਨੁਭਵ ਦੇ ਹੋਰ ਖੇਤਰਾਂ ਦੇ ਵੱਖ- ਵੱਖ ਪਹਿਲੂਆਂ ਬਾਰੇ ਹੋ ਸਕਦੇ ਹਨ।)**

**(ਅ) ਲਿਖਤੀ ਪ੍ਰਗਟਾਅ**

(1) ਵਿਦਿਆਰਥੀ ਸਾਫ਼, ਸ਼ੁੱਧ ਅਤੇ ਗਤੀ ਨਾਲ਼ ਲਿਖ ਸਕੇ।

(2) ਉਹ ਆਪਣੇ ਵਿਚਾਰਾਂ ਨੂੰ ਢੁਕਵੀਂ ਸ਼ਬਦਾਵਲੀ ਦੀ ਵਰਤੋਂ ਕਰਕੇ ਸਰਲ ਵਾਕਾਂ ਅਤੇ ਠੀਕ ਪੈਰਿਆਂ ਵਿੱਚ ਲਿਖ ਸਕੇ।

(3) ਉਹ ਆਪਣੇ ਵਿਚਾਰਾਂ ਨੂੰ ਘਟਨਾ-ਕ੍ਰਮ ਅਤੇ ਤੱਥ-ਕ੍ਰਮ ਅਨੁਸਾਰ ਲਿਖ ਸਕੇ।

(4) ਉਹ ਪਾਠ-ਪੁਸਤਕ ਵਿੱਚੋਂ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਸਵਾਲਾਂ ਦੇ ਉੱਤਰ ਲਿਖ ਸਕੇ।

(5) ਉਹ ਆਪਣੇ ਅਨੁਭਵ ਦੇ ਆਧਾਰ 'ਤੇ ਕੁਝ ਰਚਨਾਤਮਿਕ ਰਚਨਾ ਵੀ ਕਰ ਸਕੇ ਅਰਥਾਤ ਉਹ ਆਪਣੇ ਪੱਧਰ ਅਨੁਸਾਰ ਕਵਿਤਾ, ਗੀਤ, ਲੇਖ ਜਾਂ ਕਹਾਣੀ-ਰਚਨਾ ਕਰਨ ਦਾ ਯਤਨ ਕਰੇ।

**ਨੋਟ:-** ਮਿਡਲ ਸ਼੍ਰੇਣੀਆਂ ਵਿੱਚ ਲਿਖਣ-ਸਮਗਰੀ ਜਿਸ ਦੇ ਵਿਸ਼ਾ-ਵਸਤੂ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ, ਦੇ ਰੂਪ ਹੇਠ ਲਿਖੇ ਅਨੁਸਾਰ ਹੋਣਗੇ:

ਲੇਖ, ਕਹਾਣੀ, ਚਿੱਠੀ / ਬਿਨੈ-ਪੱਤਰ, ਸਫ਼ਰ, ਘਟਨਾ/ ਦ੍ਰਿਸ਼-ਵਰਨਣ, ਪ੍ਰਸ਼ਨਾਂ ਦੇ ਉੱਤਰ, ਰੋਜ਼ਾਨਾ ਡਾਇਰੀ, ਕਵਿਤਾ ਆਦਿ।

## ਛੇਵੀਂ ਸ਼੍ਰੇਣੀ

**ਸਮਾਂ** : 3 **ਘੰਟੇ** **ਕੁੱਲ ਅੰਕ** : **100**

**ਪਾਸ ਅੰਕ** : 33

1. ਵਿਦਿਆਰਥੀ ਨੂੰ ਉਸ ਦੇ ਜਾਣੇ-ਪਛਾਣੇ ਵਿਸ਼ਿਆਂ ਉੱਤੇ ਲਿਖਣ ਦਾ ਅਭਿਆਸ ਕਰਾਇਆ ਜਾਵੇਗਾ। ਕੁਝ ਖੇਤਰ ਇਸ ਤਰ੍ਹਾਂ ਹਨ:-
   (1) ਮੇਰਾ ਪਿੰਡ/ਮੇਰਾ ਸਕੂਲ, ਸਥਾਨ/ਸੰਸਥਾ
   (2) ਘਟਨਾਵਾਂ, ਦ੍ਰਿਸ਼, ਇਮਾਰਤਾਂ
   (3) ਆਪਣੇ ਆਲ਼ੇ-ਦੁਆਲ਼ੇ ਵਿੱਚੋਂ ਕਿਸੇ ਕਾਮੇ ਦੇ ਜੀਵਨ ਦਾ ਇੱਕ ਦਿਨ
   (4) ਕੌਮੀ ਪੱਧਰ ਦੇ ਤਿਉਹਾਰ, ਸਥਾਨ, ਮੇਲੇ/ਰੁੱਤਾਂ
   (5) ਖੇਡਾਂ
   (6) ਮਹਾਂ-ਪੁਰਖਾਂ ਦੀਆਂ ਜੀਵਨੀਆਂ
   ਇਸ ਸ਼੍ਰੇਣੀ ਵਿੱਚ ਲਗ-ਪਗ 15 ਨਿਬੰਧ ਲਿਖਣ ਦਾ ਅਭਿਆਸ ਕਰਾਇਆ ਜਾਵੇਗਾ।

2. **ਚਿੱਠੀਆਂ/ਬਿਨੈ-ਪੱਤਰ**
   ਆਪਣੇ ਮਿੱਤਰ, ਰਿਸ਼ਤੇਦਾਰ ਜਾਂ ਘਰ ਦੇ ਕਿਸੇ ਮੈਂਬਰ ਨੂੰ ਕਿਸੇ ਸਮੱਸਿਆ ਬਾਰੇ ਦੱਸਣ ਜਾਂ ਸੂਚਨਾ ਦੇਣ ਲਈ ਚਿੱਠੀ ਲਿਖਣ ਦਾ ਅਭਿਆਸ ਕਰਾਇਆ ਜਾਵੇਗਾ।
   ਵਿਦਿਆਰਥੀ ਨੂੰ ਵੱਖ-ਵੱਖ ਵਿਸ਼ਿਆਂ ਉੱਤੇ ਬਿਨੈ-ਪੱਤਰ ਲਿਖਣ ਦਾ ਅਭਿਆਸ ਕਰਾਉਣਾ, ਜਿਵੇਂ ਛੁੱਟੀ ਲੈਣ ਲਈ, ਮੈਚ ਖੇਡਣ ਦੀ ਆਗਿਆ ਲੈਣ ਲਈ ਆਦਿ। ਇਸ ਸ਼੍ਰੇਣੀ ਵਿੱਚ ਚਿੱਠੀਆਂ ਅਤੇ ਬਿਨੈ-ਪੱਤਰਾਂ ਦੀ ਗਿਣਤੀ ਲਗ-ਪਗ 10 ਹੋਣੀ ਚਾਹੀਦੀ ਹੈ।

3. **ਕਹਾਣੀਆਂ**
   ਪੰਜਾਬ/ਭਾਰਤ ਦੀਆਂ ਪ੍ਰਚਲਿਤ ਕਹਾਣੀਆਂ ਦੱਸ ਕੇ ਵਿਦਿਆਰਥੀਆਂ ਨੂੰ ਆਪ ਲਿਖਣ ਦਾ ਅਭਿਆਸ ਕਰਾਉਣਾ। ਅਜਿਹੀਆਂ ਪੰਜ ਕਹਾਣੀਆਂ ਲਿਖਣ ਜਾਂ ਅਧੂਰੀਆਂ ਨੂੰ ਪੂਰੀਆਂ ਕਰਨ ਦਾ ਅਭਿਆਸ ਕਰਵਾਇਆ ਜਾਵੇਗਾ।

4. ਪਾਠਾਂ ਬਾਰੇ ਪੁੱਛੇ ਭਿੰਨ-ਭਿੰਨ ਪ੍ਰਸ਼ਨਾਂ ਦੇ ਉੱਤਰ ਲਿਖਣਾ ਅਤੇ ਪਾਠਾਂ ਪਿੱਛੇ ਦਿੱਤੇ ਅਭਿਆਸਾਂ ਨੂੰ ਹੱਲ ਕਰਨਾ।

5. ਕਿਸੇ ਖ਼ਬਰ, ਸੂਚਨਾ ਆਦਿ ਨੂੰ ਡਾਇਰੀ ਵਿੱਚ ਨੋਟ ਕਰਨਾ।
   ਇਸ ਸ਼੍ਰੇਣੀ ਵਿੱਚ ਵਿਆਕਰਨ ਦਾ ਪੱਧਰ ਹੇਠ ਲਿਖਿਆ ਹੋਵੇਗਾ:
   (ੳ) ਵਿਸਰਾਮ ਚਿੰਨ੍ਹ-ਇਹਨਾਂ ਦੀ ਜਾਣਕਾਰੀ ਤੇ ਵਰਤੋਂ।
   (ਅ) ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ-ਪਾਠਾਂ ਵਿੱਚੋਂ ਇਹਨਾਂ ਨੂੰ ਪਛਾਣਨਾ ਤੇ ਵਾਕਾਂ ਵਿੱਚ ਵਰਤਣਾ।
   (ੲ) ਮੁਹਾਵਰੇ ਅਤੇ ਅਖਾਉਤਾਂ-ਪਾਠਾਂ ਵਿੱਚੋਂ ਇਹਨਾਂ ਨੂੰ ਪਛਾਣਨਾ ਤੇ ਵਾਕਾਂ ਵਿੱਚ ਵਰਤਣਾ।
   (ਸ) ਕਾਲ (ਟੈਨਸ) ਜਾਣਕਾਰੀ ਤੇ ਵਰਤੋਂ।

**ਨਿਯਤ ਪਾਠ-ਪੁਸਤਕਾਂ** :

**ਪੰਜਾਬੀ ਪੁਸਤਕ -6 (ਪਹਿਲੀ ਭਾਸ਼ਾ)**

**ਪੰਜਾਬੀ ਦਾ ਵਿਆਕਰਨ ਤੇ ਲੇਖ-ਰਚਨਾ (ਮਿਡਲ ਸ਼੍ਰੇਣੀਆਂ ਲਈ)**

**(ਪੰਜਾਬ ਸਕੂਲ ਸਿੱਖਿਆ ਬੋਰਡ ਦਾ ਪ੍ਰਕਾਸ਼ਨ)**

**ਨੋਟ : ਦਾਖਲਾ ਸਾਲ 2008 ਤੋਂ ਪੰਜਾਬੀ ਪੁਸਤਕ-6 (ਪਹਿਲੀ ਭਾਸ਼ਾ) ਨਵੀਂ ਤਿਆਰ ਕੀਤੀ ਗਈ ਹੈ।**

# 6. ਵਾਤਾਵਰਨ ਸਿੱਖਿਆ

## ਸ਼੍ਰੇਣੀ : ਤੀਸਰੀ (ਪਾਠਕ੍ਰਮ)

ਵਾਤਾਵਰਨ : ਨੇੜਲਾ ਅਤੇ ਦੂਰ ਦਾ

- ਸਾਡੇ ਆਲੇ ਦੁਆਲੇ ਦੀਆਂ ਵਸਤੂਆਂ
- ਸਜੀਵ ਅਤੇ ਨਿਰਜੀਵ
- ਸਜੀਵ ਵਸਤੂਆਂ - ਪੌਦੇ ਅਤੇ ਜਾਨਵਰ।
- ਮਨੁੱਖ ਅਤੇ ਜਾਨਵਰਾਂ ਦੇ ਸਰੀਰਕ ਅੰਗਾਂ ਵਿਚਲੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ।
- ਸਰੀਰ ਦੇ ਬਾਹਰੀ ਅੰਗ, ਉਹਨਾਂ ਦੀ ਬਣਤਰ।
- ਸਾਡਾ ਪੰਜਾਬ- ਇੱਥੇ ਦੇ ਭੌਤਿਕ ਲੱਛਣ ਅਤੇ ਰੀਤੀ ਰਿਵਾਜ।
- ਪ੍ਰਿਥਵੀ, ਸੂਰਜ, ਚੰਨ ਅਤੇ ਤਾਰੇ।

### ਵਾਤਾਵਰਨ ਅਤੇ ਮੁੱਢਲੀਆਂ ਲੋੜਾਂ (ਭੋਜਨ, ਪਾਣੀ ਅਤੇ ਹਵਾ)

- ਸਾਫ ਭੋਜਨ, ਹਵਾ ਅਤੇ ਪਾਣੀ ਦੀ ਲੋੜ।
- ਭੋਜਨ ਦੀਆਂ ਵੱਖ-ਵੱਖ ਕਿਸਮਾਂ-ਊਰਜਾ ਦੇਣ ਵਾਲਾ, ਸਰੀਰ ਦੀ ਰੱਖਿਆ ਕਰਨ ਵਾਲਾ, ਸਰੀਰਕ ਵਾਧੇ ਵਾਲਾ ਭੋਜਨ, ਪਾਣੀ, ਮੋਟਾ ਆਹਾਰ, ਜੰਕ ਫੂਡ।

### ਰਿਹਾਇਸ਼

- ਹੋਰਨਾਂ ਜੀਵਾਂ ਦਾ ਰਹਿਣ ਅਸਥਾਨ (ਆਲ੍ਹਣੇ, ਘੁਰਨੇ, ਗੁਫਾਵਾਂ, ਜਲ-ਸਥਲ)।
- ਚੰਗੀ ਰਿਹਾਇਸ਼ (ਘਰ) ਦੇ ਗੁਣ, ਸੁਰੱਖਿਅਤ ਅਤੇ ਸਵਸਥ ਘਰ ਲਈ ਸੂਰਜ ਦੀ ਰੋਸ਼ਨੀ, ਹਵਾਦਾਰ ਅਤੇ ਸੈਨੀਟੇਸ਼ਨ।

### ਕੱਪੜੇ :

- ਕੱਪੜਿਆਂ ਦੀ ਲੋੜ, ਕੱਪੜਿਆਂ ਦੀਆਂ ਕਿਸਮਾਂ, ਸਫ਼ਾਈ-ਅਤੇ ਸਾਭ ਸੰਭਾਲ

### ਸਮਾਗਮ ਅਤੇ ਤਿਉਹਾਰ :

- ਸਮੂਹ ਗਾਣ ਅਤੇ ਸਕੂਲ ਸਮਾਰੋਹ
- ਪਰਿਵਾਰਕ ਸਮਾਗਮ ਅਤੇ ਉਹਨਾਂ ਦੀ ਮਹੱਤਤਾ।
- ਘਰੇਲੂ ਮਨੋਰੰਜਨ ਦੇ ਸਾਧਨ-ਕਹਾਣੀਆਂ ਦੀਆਂ ਪੁਸਤਕਾਂ, ਖੇਡਾਂ, ਰੇਡੀਉ , ਟੈਲੀਵੀਜ਼ਨ ਵਰਗੇ ਵੱਖ-ਵੱਖ ਮਨਪ੍ਰਚਾਵੇ ਦੇ ਸਾਧਨ।

### ਸਿਹਤ ਅਤੇ ਸਿਹਤ ਸੁਰੱਖਿਆ

- ਸਰੀਰ ਦੇ ਵੱਖ-ਵੱਖ ਅੰਗਾਂ ਦੀ ਦੇਖ-ਭਾਲ ਕਰਨ ਦੀ ਲੋੜ।
- ਆਪਣੀਆਂ ਨਿਜੀ ਵਸਤਾਂ ਅਤੇ ਆਲੇ ਦੁਆਲੇ ( ਸਕੂਲ, ਘਰ ਅਤੇ ਗੁਆਂਢ ) ਦੀ ਸੰਭਾਲ।

### ਆਵਾਜਾਈ ਅਤੇ ਸੰਚਾਰ

- ਆਵਾਜਾਈ ਦੇ ਸਥਾਨਕ ਸਾਧਨ।
- ਸੰਚਾਰ ਦੇ ਸਾਧਨ।
- ਘਰ ਵਿੱਚ, ਸਕੂਲ ਵਿੱਚ ਅਤੇ ਸੜਕ ਉੱਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਦੀ ਲੋੜ।

### ਵਾਤਾਵਰਨ ਦੀ ਦੇਖਭਾਲ ਅਤੇ ਸੰਭਾਲ

- ਕੁਦਰਤੀ ਸਾਧਨ- ਹਵਾ, ਪਾਣੀ ਅਤੇ ਮਿੱਟੀ।

- ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਕਰਨ ਵਾਲੇ ਕਾਰਕ।
- ਪਾਣੀ ਅਤੇ ਹਵਾ ਪ੍ਰਦੂਸ਼ਣ ਨੂੰ ਘਟਾਉਣ ਦੇ ਸਰਲ ਢੰਗ।
- ਆਲੇ ਦੁਆਲੇ ਨੂੰ ਸਾਫ਼ ਰੱਖਣਾ, ਥੁੱਕਣ , ਕੂੜਾ ਖਿਲਾਰਨ, ਪੱਤੇ ਅਤੇ ਫੁੱਲ ਤੋੜਨ ਤੋਂ ਕੰਧਾਂ ਝਰੀਟਣ, ਰੁੱਖਾਂ ਦੇ ਤਣੇ ਖਰਾਬ ਕਰਨ ਤੋਂ ਅਤੇ ਵਗਦੇ ਪਾਣੀ ਜਾਂ ਵਾਟਰ ਬਾਡੀ ਵਿੱਚ ਚੀਜ਼ਾਂ ਸੁੱਟਣ ਤੋਂ ਗੁਰੇਜ ਕਰਨਾ।
- ਆਲੇ ਦੁਆਲੇ ਦੀ ਦੇਖਭਾਲ
- ਆਪਣੇ ਆਸ-ਪਾਸ ਦੇ ਪਾਲਤੂ ਜਾਨਵਰਾਂ ਅਤੇ ਪੌਦਿਆਂ ਦੀ ਦੇਖਭਾਲ।

**ਪਾਠ-ਪੁਸਤਕ : ਵਾਤਾਵਰਨ ਸਿੱਖਿਆ (ਤੀਜੀ ਸ਼੍ਰੇਣੀ ਲਈ)**

**(ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮਾਧਿਅਮ)**

**ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ**

# 7. ਵਾਤਾਵਰਨ ਸਿੱਖਿਆ

## ਸ਼੍ਰੇਣੀ : ਚੌਥੀ (ਪਾਠਕ੍ਰਮ)

### ਵਾਤਾਵਰਨ : ਨੇੜਲਾ ਅਤੇ ਦੂਰ ਦਾ

- ਸਜੀਵ ਅਤੇ ਨਿਰਜੀਵ ਵਿਚਲੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ।
- ਪੌਦੇ ਦੇ ਭਾਗ, ਜੜ੍ਹਾਂ, ਤਣਾ, ਪੱਤੇ, ਫੁੱਲ, ਫੱਲ ਅਤੇ ਬੀਜ਼ ਅਤੇ ਉਹਨਾਂ ਦੇ ਕੰਮ।
- ਸਰੀਰ ਦੇ ਮੁੱਖ ਅੰਦਰੂਨੀ ਅੰਗ- ਉਹਨਾਂ ਦੀ ਪਛਾਣ ਅਤੇ ਉਹਨਾਂ ਦੇ ਨਾਂ।
- ਧਰਾਤਲ-ਵਿਸ਼ੇਸ਼ਤਾਵਾਂ ਅਤੇ ਤਬਦੀਲੀਆਂ, ਕੁਦਰਤ ਅਤੇ ਮਨੁੱਖ ਦੁਆਰਾ ਕੀਤੀਆਂ ਤਬਦੀਲੀਆਂ ਜਿਵੇਂ : ਸੜਕਾਂ, ਇਮਾਰਤਾਂ, ਡੈਮ, ਨਹਿਰਾਂ, ਨਾਲੀਆਂ, ਮਾਰਕੀਟ, ਕਾਰਖਾਨੇ, ਕਿਸ਼ਤੀਆਂ ਅਤੇ ਰੇਲਾਂ।
- ਸਥਾਨਕ ਕੁਦਰਤੀ ਤੱਥ-ਦਿਨ ਅਤੇ ਰਾਤ, ਬਦਲ ਗਰਜਣਾ ਅਤੇ ਬਿਜਲੀ ਚਮਕਣੀ, ਸਤਰੰਗੀ ਪੀਂਘ।

### ਵਾਤਾਵਰਨ ਅਤੇ ਮੁੱਢਲੀਆਂ ਲੋੜਾਂ ( ਭੋਜਨ, ਪਾਣੀ ਅਤੇ ਹਵਾ )

- ਪਾਣੀ ਅਤੇ ਭੋਜਨ ਤੇ ਸ੍ਰੋਤ।
- ਭੋਜਨ ਵਿੱਚ ਵੰਨ-ਸਵੰਨਤਾ ਦੀ ਲੋੜ।
- ਪਾਣੀ ਅਤੇ ਭੋਜਨ ਦੇ ਭੰਡਾਰੀ-ਕਰਨ ਅਤੇ ਸੰਭਾਲ ਦੇ ਸੁਰੱਖਿਅਤ ਢੰਗ।

### ਰਿਹਾਇਸ਼

- ਜਲਵਾਯੂ ਦੇ ਆਧਾਰ ਤੇ ਘਰਾਂ ਦੀਆਂ ਕਿਸਮਾਂ।
- ਘਰਾਂ ਦੀ ਉਸਾਰੀ ਲਈ ਵਰਤੀ ਜਾਂਦੀ ਸਮੱਗਰੀ।

### ਕੱਪੜੇ

- ਕੱਪੜੇ ਬਣਾਉਣ ਲਈ ਕੱਚੇ ਮਾਲ ਦੇ ਸ੍ਰੋਤ-ਪੌਦੇ ਅਤੇ ਜਾਨਵਰ।
- ਵੱਖ-ਵੱਖ ਭੌਤਿਕ ਅਤੇ ਸਭਿਆਚਾਰਕ ਵਾਤਾਵਰਨ ਵਿੱਚ ਪਾਏ ਜਾਂਦੇ ਕੱਪੜੇ।

### ਸਮਾਗਮ ਅਤੇ ਤਿਉਹਾਰ

- ਰਾਸ਼ਟਰੀ ਦਿਵਸ ਅਤੇ ਤਿਉਹਾਰਾਂ ਦਾ ਮਨਾਉਣਾ।
- ਸਥਾਨਕ ਮਨ-ਪ੍ਰਚਾਵੇ ਦੀਆਂ ਸਰਗਰਮੀਆਂ ਦੀਆਂ ਕਿਸਮਾਂ - ਮੇਲੇ, ਖੇਡਾਂ, ਲੋਕ ਨਾਚ, ਸੰਗੀਤ, ਹਫਤਾਵਾਰ ਮੰਡੀਆਂ, ਕਹਾਣੀਆਂ ਦੀਆਂ ਪੁਸਤਕਾਂ, ਰੇਡੀਓ, ਟੈਲੀਵੀਜ਼ਨ, ਡਰਾਮੇ ਅਤੇ ਕਠਪੁਤਲੀਆਂ।

## ਸਿਹਤ ਅਤੇ ਸਿਹਤ ਸੁਰੱਖਿਆ

- ❖ ਸਕੂਲ ਅਤੇ ਘਰਾਂ ਵਿੱਚ ਵੱਖ-ਵੱਖ ਪ੍ਰਕਾਰ ਦਾ ਰੱਦੀ ਮਾਲ ਅਤੇ ਕੂੜਾ।
- ❖ ਕੂੜੇ ਦਾ ਆਲੇ ਦੁਆਲੇ ਤੇ ਪ੍ਰਭਾਵ-ਕੂੜੇ ਦੇ ਢੇਰ, ਮੱਖੀਆਂ, ਮੱਛਰ, ਚੂਹੇ ਅਤੇ ਬਦਬੂ।
- ❖ ਘਰ, ਸਕੂਲ ਅਤੇ ਆਂਢ-ਗੁਆਂਢ ਦੇ ਕੂੜੇ ਨੂੰ ਸਹੀ-ਢੰਗ ਨਾਲ ਠਿਕਾਣੇ ਲਾਉਣਾ।

## ਆਵਾਜਾਈ ਅਤੇ ਸੰਚਾਰ

- ❖ ਆਵਾਜਾਈ ਦੇ ਵੱਖ-ਵੱਖ ਸਾਧਨ।
- ❖ ਸੰਚਾਰ ਦੇ ਸ੍ਰੋਤ, ਇਹਨਾਂ ਦੇ ਸਾਧਨ ਅਤੇ ਉਪਯੋਗਤਾ ( ਡਾਕ, ਟੈਲੀਫੋਨ, ਅਖ਼ਬਾਰ, ਰੇਡੀਓ ਅਤੇ ਟੈਲੀਵੀਜ਼ਨ)
- ❖ ਟਰੈਫਿਕ ਚਿੰਨ੍ਹ, ਸੜਕ ਸੁਰੱਖਿਆ ਨਿਯਮ ਅਤੇ ਉਹਨਾਂ ਦੀ ਪਾਲਣਾ ਦੀ ਲੋੜ।

## ਵਾਤਾਵਰਨ ਦੀ ਦੇਖਭਾਲ ਅਤੇ ਸੰਭਾਲ

- ❖ ਕੁਦਰਤੀ ਸਾਧਨ ਅਤੇ ਉਹਨਾਂ ਦੀ ਮਹੱਤਤਾ-( ਜੰਗਲ, ਪਾਣੀ, ਜਾਨਵਰ, ਭੋਜਨ, ਊਰਜਾ ਅਤੇ ਮਿੱਟੀ )
- ❖ ਸਕੂਲ ਅਤੇ ਘਰ ਵਿੱਚ ਭੋਜਨ, ਪਾਣੀ, ਬਾਲਣ ਅਤੇ ਬਿਜਲੀ ਦੀ ਬੱਚਤ ਕਰਨ ਦੇ ਢੰਗ।
- ❖ ਹਵਾ, ਪਾਣੀ, ਮਿੱਟੀ ਦੇ ਪ੍ਰਦੂਸ਼ਣ ਅਤੇ ਇਸਦੇ ਜਿੰਮੇਵਾਰ ਕਾਰਕ।
- ❖ ਪ੍ਰਦੂਸ਼ਣ ਘਟਾਉਣ ਦੇ ਢੰਗ - ਬੇਕਾਰ ਵਸਤਾਂ ਦਾ ਮੁੜ ਉਤਪਾਦ।
- ❖ ਕੂੜੇ ਨੂੰ ਠਿਕਾਣੇ ਲਾਉਣ ਦੀਆਂ ਸਥਾਨਕ ਏਜੰਸੀਆਂ।

## ਆਲੇ-ਦੁਆਲੇ ਦੀ ਦੇਖਭਾਲ

- ❖ ਬੁੱਢਿਆਂ, ਬਿਮਾਰਾਂ, ਬੱਚਿਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਦੇਖਭਾਲ।
- ❖ ਸਾਂਝੀ ਸੰਪਤੀ ਦੀ ਸੰਭਾਲ ਦੀ ਲੋੜ।
- ❖ ਕਮਿਊਨਿਟੀ ਸੇਵਾ ਵਿੱਚ ਲਗੀਆਂ ਸਥਾਨਕ ਏਜੰਸੀਆਂ ਅਤੇ ਉਹਨਾਂ ਦਾ ਯੋਗਦਾਨ।

**ਪਾਠ-ਪੁਸਤਕ : ਵਾਤਾਵਰਨ ਸਿੱਖਿਆ (ਚੌਥੀ ਸ਼੍ਰੇਣੀ ਲਈ)**
**(ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮਾਧਿਅਮ )**
**ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ**

# ਵਾਤਾਵਰਨ ਸਿੱਖਿਆ

# ਸ਼੍ਰੇਣੀ : ਪੰਜਵੀਂ (ਪਾਠਕ੍ਰਮ)

## ਵਾਤਾਵਰਨ : ਨੇੜਲਾ ਅਤੇ ਦੂਰ ਦਾ

- ❖ ਵਾਤਾਵਰਨ ਦੇ ਅਰਥ।
- ❖ ਸਜੀਵ ਅਤੇ ਨਿਰਜੀਵ, ਉਹਨਾਂ ਦੇ ਲੱਛਣ, ਸਮਾਨਤਾਵਾਂ ਅਤੇ ਭਿੰਨਤਾਵਾਂ।
- ❖ ਪੌਦਿਆਂ ਅਤੇ ਜੀਵ-ਜੰਤੂਆਂ ਵਿੱਚ ਸਮਾਨਤਾਵਾਂ ਅਤੇ ਭਿੰਨਤਾਵਾਂ।
- ❖ ਮਨੁੱਖੀ ਸਰੀਰ ਦੇ ਅੰਦਰੂਨੀ ਅੰਗ ( ਫੇਫੜੇ, ਦਿਲ ਅਤੇ ਮੇਹਦਾ ਅਤੇ ਉਹਨਾਂ ਦੇ ਕੰਮ), ਗਿਆਨ ਇੰਦਰੀਆਂ (ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ) ਦੀ ਦੇਖ ਭਾਲ।

- ❖ ਪਹਾੜਾਂ, ਮੈਦਾਨਾਂ, ਮਾਰੂਥਲ ਅਤੇ ਵਾਦੀਆਂ ਦਾ ਮੌਸਮ, ਜਲਵਾਯੂ ਅਤੇ ਹੋਰ ਭੌਤਿਕ ਲੱਛਣ। ਇਹਨਾਂ ਖੇਤਰਾਂ ਦੇ ਲੋਕਾਂ, ਪੌਦਿਆਂ ਅਤੇ ਜੀਵ-ਜੰਤੂਆਂ ਦੇ ਆਮ ਲੱਛਣ।

- ❖ ਧਰਤੀ ਉੱਤੇ ਪਾਣੀ ਵਿਚ ਮਿਲਣ ਵਾਲੇ ਪੌਦਿਆਂ ਅਤੇ ਜਾਨਵਰਾਂ ਦੀ ਮਹੱਤਤਾ।

## ਵਾਤਾਵਰਨ ਅਤੇ ਮੁੱਢਲੀਆਂ ਲੋੜਾਂ (ਭੋਜਨ, ਪਾਣੀ ਅਤੇ ਹਵਾ)

- ❖ ਭੋਜਨ ਦੀਆਂ ਵੱਖ-ਵੱਖ ਕਿਸਮਾਂ, ਸੰਤੁਲਤ ਆਹਾਰ, ਭੋਜਨ ਅਤੇ ਭੋਜਨ ਲਈ ਵਾਤਾਵਰਨ ਉੱਤੇ ਨਿਰਭਰਤਾ।
- ❖ ਭੋਜਨ ਦੀਆਂ ਵੰਨਗੀਆਂ ਦਾ ਸਿਹਤਮੰਦ ਸੁਮੇਲ (ਸਿਹਤ ਦੇ ਆਧਾਰ ਤੇ ਸਰੀਰਕ ਵਾਧੇ ਲਈ, ਊਰਜਾ ਵਰਧਕ, ਰੱਖਿਅਕ ਬਿਮਾਰੀਆਂ ਦੇ ਟਾਕਰੇ)

## ਰਿਹਾਇਸ਼

- ❖ ਭਾਈਚਾਰਕ ਇਮਾਰਤਾਂ-ਸਕੂਲ, ਪੰਚਾਇਤ ਘਰ, ਹੈਲਥ ਸੈਂਟਰ, ਡਾਕ ਘਰ, ਰੇਲਵੇ ਸਟੇਸ਼ਨ ਅਤੇ ਪੁਲਿਸ ਸਟੇਸ਼ਨ ਆਦਿ ਦੀ ਸਹੀ ਸੰਭਾਲ ਦੀ ਲੋੜ।

## ਕੱਪੜੇ

- ❖ ਵੱਖ-ਵੱਖ ਪ੍ਰਕਾਰ ਦੇ ਰੇਸ਼ੇ ਅਤੇ ਉਹਨਾਂ ਦੇ ਸ੍ਰੋਤ (ਪੌਦੇ, ਜਾਨਵਰ ਅਤੇ ਮਨੁੱਖ ਦੇ ਬਣਾਏ ਹੋਏ)।
- ❖ ਕੱਪੜਾ ਬਣਾਉਣ ਦੇ ਵੱਖ-ਵੱਖ ਪੜਾਅ, ਕੱਪੜਿਆਂ ਦੀ ਸਾਂਭ ਸੰਭਾਲ ਅਤੇ ਸੁਰੱਖਿਆ।

## ਸਮਾਗਮ ਅਤੇ ਤਿਉਹਾਰ

- ❖ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦਿਨ ਮਨਾਉਣਾ।
- ❖ ਸਥਾਨਕ ਮਨ ਪ੍ਰਚਾਵੇ ਦੀਆਂ ਸਰਗਰਮੀਆਂ- ਮੇਲੇ, ਖੇਡਾਂ, ਲੋਕ ਨਾਚ, ਸੰਗੀਤ, ਹਫਤਾਵਾਰ ਮੰਡੀਆਂ, ਕਹਾਣੀਆਂ ਦੀਆਂ ਪੁਸਤਕਾਂ, ਰੇਡਿਓ, ਟੈਲੀਵੀਜ਼ਨ, ਡਰਾਮਾ ਅਤੇ ਕਠਪੁਤਲੀਆਂ।

## ਸਿਹਤ ਅਤੇ ਸਿਹਤ ਸੁਰੱਖਿਆ

- ❖ ਕੁਝ ਆਮ ਬਿਮਾਰੀਆਂ - ਤਰੁੱਟੀ ਰੋਗ, ਕੁਪੋਸ਼ਣ, ਵਿਟਾਮਿਨਜ ਦੀ ਘਾਟ ਕਾਰਨ ਹੋਣ ਵਾਲੇ ਰੋਗ; ਸੰਚਾਰੀ ਰੋਗ; ਜ਼ੁਕਾਮ, ਫਲੂ, ਡਾਇਰੀਆ ਫੈਲਾਉਣ ਵਾਲੇ ਬੈਕਟੀਰੀਆਂ, ਵਿਸ਼ਾਣੂ, ਪ੍ਰੋਟੋਜੋਆਂ ਅਤੇ ਉੱਲੀਆਂ ਬਾਰੇ ਜਾਣਕਾਰੀ।

# 8. ਵਾਤਾਵਰਨ ਸਿੱਖਿਆ
# ਪੰਜਵੀ ਸ਼੍ਰੇਣੀ
# ਪ੍ਰਸ਼ਨ ਪੱਤਰ ਦੀ ਰੂਪ ਰੇਖਾ

**ਸਮਾਂ : 2 ਘੰਟੇ** **ਕੁੱਲ ਅੰਕ : 100**

1. ਪ੍ਰਸ਼ਨ ਪੱਤਰ ਪਾਠ-ਪੁਸਤਕ ਦੇ ਅਭਿਆਸਾਂ ਤੇ ਅਧਾਰਿਤ ਹੋਣਗੇ।
2. ਪ੍ਰਸ਼ਨ ਨੰ : 1 ਵਿੱਚ 10 ਵਾਕ ਖਾਲੀ ਥਾਂ ਭਰਨ ਲਈ ਹੋਣਗੇ। ਹਰ ਖਾਲੀ ਥਾਂ ਭਰਨ ਦੇ ਦੋ-ਦੋ ਅੰਕ ਹੋਣਗੇ।

3. ਪ੍ਰਸ਼ਨ ਨੰ : 2 ਵਿੱਚ 10 ਕੱਥਨ ਦਿੱਤੇ ਜਾਣਗੇ, ਜਿਨ੍ਹਾਂ ਦਾ ਸਹੀ ਉੱਤਰ ਚੁਣਨ ਲਈ ਕਿਹਾ ਜਾਵੇਗਾ। ਹਰ ਕੱਥਨ ਦੇ ਦੋ-ਦੋ ਅੰਕ ਹੋਣਗੇ।

4. ਪ੍ਰਸ਼ਨ ਨੰ : 3 ਵਿੱਚ 5 ਕੱਥਨ ਦਿੱਤੇ ਜਾਣਗੇ, ਜਿਨ੍ਹਾਂ ਦੇ ਅੱਗੇ ਸਹੀ ਜਾਂ ਗਲਤ ਦਾ ਨਿਸ਼ਾਨ ਲਗਾਉਣ ਲਈ ਕਿਹਾ ਜਾਵੇਗਾ। ਇਸ ਵਿੱਚ ਹਰ ਕੱਥਨ ਦੋ-ਦੋ ਅੰਕਾਂ ਦਾ ਹੋਵੇਗਾ।
5. ਪ੍ਰਸ਼ਨ ਨੰ : 4 ਵਿੱਚ 10 ਪ੍ਰਸ਼ਨ ਦਿੱਤੇ ਜਾਣਗੇ। ਜਿਨ੍ਹਾਂ ਦੇ ਉੱਤਰ ਸੰਖੇਪ ਵਿੱਚ ਹੋਣਗੇ ਅਤੇ ਹਰੇਕ ਪ੍ਰਸ਼ਨ ਦੋ-ਦੋ ਅੰਕਾਂ ਦਾ ਹੋਵੇਗਾ।
6. ਪ੍ਰਸ਼ਨ ਨੰ : 5 ਵਿੱਚ 5 ਪ੍ਰਸ਼ਨ ਚਾਰ-ਚਾਰ ਅੰਕਾਂ ਦੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ 25-30 ਸ਼ਬਦਾਂ ਦਾ ਹੋਵੇਗਾ।
7. ਪ੍ਰਸ਼ਨ ਨੰ : 6 ਵਿੱਚ ਚਾਰ ਪ੍ਰਸ਼ਨ ਪੰਜ-ਪੰਜ ਅੰਕਾਂ ਦੇ ਦਿੱਤੇ ਜਾਣਗੇ, ਜਿਨ੍ਹਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦੇਣੇ ਹੋਣਗੇ।

## ਸੰਚਾਰੀ ਰੋਗ

- ਸੰਚਾਰੀ ਰੋਗ/ਛੂਤ ਦੀਆਂ ਬਿਮਾਰੀਆਂ ਤੋਂ ਸੁਰੱਖਿਆਂ ਅਤੇ ਚੰਗੀ ਸਿਹਤ ਲਈ ਸਾਵਧਾਨੀ।
- ਮੁੱਢਲੀ ਸਹਾਇਤਾ (ਫਸਟ ਏਡ) ਅਤੇ ਸੁਰੱਖਿਆ ਪ੍ਰਬੰਧ।
- ਸਥਾਨਕ ਸੰਸਥਾਵਾਂ ਅਤੇ ਵਿਅਕਤੀਗਤ ਸਿਹਤ ਸੰਭਾਲ ਦੀ ਜ਼ਿੰਮੇਵਾਰੀ।

## ਆਵਾਜਾਈ ਅਤੇ ਸੰਚਾਰ

- ਵੱਧ ਰਹੇ ਆਵਾਜਾਈ ਅਤੇ ਸੰਚਾਰ ਸਾਧਨਾਂ ਦਾ ਵਾਤਾਵਰਨ ਅਤੇ ਮਨੁੱਖੀ ਜੀਵਨ ਦੀ ਉੱਨਤੀ ਉੱਤੇ ਪ੍ਰਭਾਵ।
- ਹਵਾ, ਪਾਣੀ ਅਤੇ ਸ਼ੋਰ ਨਾਲ ਸਬੰਧਤ ਪ੍ਰਦੂਸ਼ਣ ਘਟਾਉਣ ਦੇ ਆਮ ਪ੍ਰਬੰਧ।
- ਸੜਕ ਸੁਰੱਖਿਆ ਨਿਯਮ -ਸੜਕ ਉੱਤੇ ਚਲਣ ਦੇ ਸੁਰੱਖਿਅਤ ਢੰਗ।

## ਵਾਤਾਵਰਨ ਦੀ ਦੇਖਭਾਲ ਅਤੇ ਸੰਭਾਲ

- ਸਾਡੇ ਕੁਦਰਤੀ ਭੰਡਾਰ - ਉਹਨਾਂ ਦੀ ਸੰਭਾਲ ਅਤੇ ਸੁਰੱਖਿਅਤ ਰੱਖਣ ਦੀ ਲੋੜ।
- (ਨਵਿਆਉਣ ਯੋਗ ਅਤੇ ਨਾ ਨਵਿਆਉਣ ਯੋਗ ) ਊਰਜਾ ਦੇ ਸ੍ਰੋਤ
- ਮਨੁੱਖਾਂ, ਪੌਦਿਆਂ ਅਤੇ ਜਾਨਵਰਾਂ ਦੀ ਆਤਮ ਨਿਰਭਰਤਾ।
- ਜੰਗਲਾਂ ਦੀ ਕਟਾਈ ਅਤੇ ਸ਼ਹਿਰੀ-ਕਰਨ ਦਾ ਵਾਤਾਵਰਨ ਉੱਤੇ ਪ੍ਰਭਾਵ।
- ਪਾਣੀ ਦੀ ਸੰਭਾਲ ਅਤੇ ਪਾਣੀ ਭੰਡਾਰਣ ਦੇ ਆਮ ਢੰਗ।

## ਆਲੇ-ਦੁਆਲੇ ਦੀ ਦੇਖਭਾਲ

- ਪਾਰਕਾਂ, ਫੁਲਾਂ ਅਤੇ ਫਲਾਂ ਦੇ ਬਾਗ, ਛੱਪੜ, ਤਲਾਬਾਂ, ਖ਼ੂਹਾਂ, ਰੁੱਖਾਂ, ਅਜਾਇਬ ਘਰਾਂ, ਇਤਿਹਾਸਕ ਸਮਾਰਕਾਂ ਆਦਿ ਦੀ ਸੰਭਾਲ।
- ਮਨੁੱਖ ਅਤੇ ਕੁਦਰਤੀ ਆਫਤਾਂ ਅੱਗ ਲੱਗਣ, ਭੂਚਾਲ ਅਤੇ ਹੜ੍ਹ ਆ ਜਾਣ ਦੀ ਸੂਰਤ ਵਿੱਚ ਸਰਲ ਸੁਰੱਖਿਆ ਢੰਗ।

**ਪਾਠ-ਪੁਸਤਕ : ਵਾਤਾਵਰਨ ਸਿੱਖਿਆ ( ਪੰਜਵੀ ਸ਼੍ਰੇਣੀ ਲਈ )**

## ਉਦਾਹਰਣ ਕਿਰਿਆਵਾਂ :

ਹੇਠ ਦਿੱਤੀਆਂ ਕਿਰਿਆਵਾਂ ਸੁਝਾਈਆਂ ਜਾ ਰਹੀਆਂ ਹਨ। ਅਧਿਆਪਕ ਆਪਣੇ ਆਪ ਆਪਣੇ ਆਲੇ ਦੁਆਲੇ ਅਤੇ ਬੱਚਿਆਂ ਦੀ ਰੁਚੀ ਦੇ ਪੱਧਰ ਅਨੁਸਾਰ ਕਿਰਿਆਵਾਂ ਵਿਉਂਤ ਤੇ ਸਿਰਜ ਸਕਦੇ ਹਨ।

- ਵੱਖ-ਵੱਖ ਸਥਾਨਾਂ ਦੀ ਸੈਰ ਅਤੇ ਪਿਕਨਿਕ ਆਯੋਜਿਤ ਕਰਨੀਆਂ (ਸਥਾਨਕ ਦਰਸ਼ਨੀਕ ਸਥਾਨ, ਅਜਾਇਬ ਘਰ, ਇਤਿਹਾਸਕ ਸਥਾਨ, ਪਾਰਕ, ਫਲਾਂ ਦੇ ਬਗੀਚੇ, ਖੇਤ, ਬਾਗ) ਅਤੇ ਬਾਅਦ ਵਿੱਚ ਉਹਨਾਂ ਬਾਰੇ ਬਹਿਸ ਕਰਵਾਉਣਾ।
- ਪੌਦਿਆਂ ਅਤੇ ਜਾਨਵਰਾਂ ਨੂੰ ਅਪਣਾਉਣ ਅਤੇ ਉਹਨਾਂ ਦੀ ਸੰਭਾਲ ਕਰਨ ਨੂੰ ਪ੍ਰੋਤਸਾਹਿਤ ਕਰਨਾ।
- ਕਲੇਅ ਮਾਡਲਿੰਗ, ਮਖੌਟੇ ਬਣਾਉਣੇ, ਕਠਪੁਤਲੀਆਂ ਨਚਾਉਣੀਆਂ, ਪੇਪਰ ਕਟਿੰਗ ਅਤੇ ਫੋਲਡਿੰਗ ਵਰਗੀਆਂ ਕਿਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੋਤਸਾਹਿਤ ਕਰਨਾ।
- ਬੱਚਿਆਂ ਦੀ ਆਪਣੇ ਆਪ ਦੀ ਦੇਖਭਾਲ ਅਤੇ ਸਫਾਈ ਰੱਖਣ ਵਿਚ ਮਦਦ ਕਰਨਾ।
- ਡਰਾਮੇ, ਸਾਂਗ ਅਤੇ ਉਹਨਾਂ ਵਿੱਚ ਭੂਮਿਕਾ ਨਿਭਾਉਣ ਦਾ ਪ੍ਰਬੰਧ ਕਰਨਾ।
- ਬੱਚਿਆਂ ਵਿੱਚ ਸਹੀ ਤੰਦਰੁਸਤ ਆਦਤਾਂ ਪੈਦਾ ਕਰਨੀਆਂ ਅਤੇ ਸਮੇਂ-ਸਮੇਂ ਉਹਨਾਂ ਨੂੰ ਪਕਿਆਉਣਾ।
- ਸਰਲ ਬਹਿਸਾਂ ਵਿੱਚ ਬੱਚਿਆਂ ਦੇ ਅਨੁਭਵ ਸਾਂਝੇ ਕਰਨੇ।
- ਸਕੂਲ ਅਤੇ ਘਰ ਵਿੱਚ ਬਾਗਵਾਨੀ ਕਰਨੀ ਅਤੇ ਪੌਦਿਆਂ ਦੀ ਸੰਭਾਲ ਕਰਨ ਵਿੱਚ ਬੱਚਿਆਂ ਦੀ ਮਦਦ ਕਰਨਾ।
- ਬੱਚਿਆਂ ਨੂੰ ਪੌਦੇ ਲਾਉਣ ਅਤੇ ਰੁੱਖਾਂ ਦੀ ਸੰਭਾਲ ਕਰਨ ਵਿੱਚ ਲਗਾਉਣਾ।
- ਵੱਖ-ਵੱਖ ਸਥਾਨਾਂ ਦੇ ਸਫਾਈ ਪੱਧਰ ਨੂੰ ਗਹੁ ਨਾਲ ਦੇਖਣ ਵਿਚ ਨਿਗਰਾਨੀ ਕਰਨਾ ਅਤੇ ਉਹਨਾਂ ਨੂੰ ਸਾਫ਼ ਜਾਂ ਗੰਦਾ, ਸਿਹਤਮੰਦ ਜਾਂ ਅਸਿਹਤਮੰਦ ਅਤੇ ਪ੍ਰਦੂਸ਼ਿਤ ਅਤੇ ਪ੍ਰਦੂਸ਼ਿਤ ਰਹਿਤ ਵਰਗੇ ਲੇਬਲ ਦੇਣੇ।
- ਸਕੂਲ ਅਤੇ ਸ਼੍ਰੇਣੀ ਦੀ ਸਫਾਈ ਰੱਖਣ ਲਈ ਵਿਅਕਤੀਗਤ ਅਤੇ ਸਮੂਹਿਕ ਕਿਰਿਆਵਾਂ ਆਯੋਜਿਤ ਕਰਵਾਉਣੀਆਂ।
- ਘਰ ਵਿੱਚ, ਸਕੂਲ ਵਿੱਚ ਅਤੇ ਗੁਆਂਢ ਵਿੱਚ ਕੂੜਾ ਠਿਕਾਣੇ ਲਾਉਣ ਦੇ ਸਹੀ ਢੰਗਾਂ ਨੂੰ ਉਤਸ਼ਾਹਿਤ ਕਰਨਾ।
- ਸਕੂਲ ਅਤੇ ਘਰ ਵਿੱਚ ਸਜਾਵਟ ਲਈ ਸੁੱਕੇ ਪੱਤਿਆਂ ਦੀ, ਫੁੱਲਾਂ ਦੀ, ਬੇਕਾਰ ਸਮੱਗਰੀ ਅਤੇ ਪ੍ਰਾਕਿਰਤਕ ਉਤਪਾਦਨਾਂ ਦੀ ਸਦ ਵਰਤੋਂ ਕਰਨਾ।
- ਇਕੋ ਕਲਬ, ਪ੍ਰਾਕਿਰਤੀ ਕਲਬ, ਸਕੂਲ ਹੈਲਥ ਕਲਬ ਅਤੇ ਇਕੋ ਕਾਰਨਰ ਦੀਆਂ ਕਿਰਿਆਵਾਂ ਰਾਹੀਂ ਬੱਚਿਆਂ ਨੂੰ ਸਮਿਲਿਤ ਕਰਨਾ।
- ਪ੍ਰਾਕਿਰਤੀ ਅਤੇ ਵਾਤਾਵਰਨ ਨਾਲ ਸਬੰਧਤ ਖੇਡਾਂ ਦਾ ਸੰਚਾਲਣ ਕਰਨਾ।
- ਗਾਣੇ ਗਵਾਉਣੇ ਅਤੇ ਕਵਿਤਾ-ਪਾਠ ਕਰਵਾਉਣੇ।

# ਗਣਿਤ

## 9. ਪੰਜਵੀਂ ਸ਼੍ਰੇਣੀ :

**ਸਮਾਂ** : 2 **ਘੰਟੇ** **ਕੁੱਲ ਅੰਕ** : 100

**ਪ੍ਰਸ਼ਨ ਪੱਤਰ ਦੀ ਰੂਪ ਰੇਖਾ**

**ਨੋਟ** :

1. ਸਾਰੇ ਪ੍ਰਸ਼ਨ ਜ਼ਰੂਰੀ ਹਨ।
2. ਪ੍ਰਸ਼ਨ-ਪੱਤਰ ਵਿੱਚ 35 ਪ੍ਰਸ਼ਨ ਹੋਣਗੇ। ਜਿਸਨੂੰ ਚਾਰ ਭਾਗਾਂ ੳ, ਅ, ੲ, ਅਤੇ ਸ ਵਿੱਚ ਵੰਡਿਆ ਗਿਆ ਹੈ।

3. ਭਾਗ-ੳ ਵਿੱਚ 1 ਅੰਕ ਦੇ 1● ਪ੍ਰਸ਼ਨ ਹੋਣਗੇ, ਭਾਗ-ਅ ਵਿੱਚ 2 ਅੰਕਾਂ ਦੇ 1● ਪ੍ਰਸ਼ਨ ਹੋਣਗੇ, ਭਾਗ-ੲ ਵਿੱਚ 4 ਅੰਕਾਂ ਦੇ 1● ਪ੍ਰਸ਼ਨ ਹੋਣਗੇ ਅਤੇ ਭਾਗ-ਸ ਵਿੱਚ 6 ਅੰਕਾਂ ਦੇ 5 ਪ੍ਰਸ਼ਨ ਹੋਣਗੇ।

## ਪ੍ਰਸ਼ਨ ਪੱਤਰ ਦੀ ਬਣਤਰ

| ਲੜੀ ਨੰ. | ਅਧਿਆਇ | 1 ਅੰਕ ਦੇ ਪ੍ਰਸ਼ਨ | 2 ਅੰਕਾਂ ਦੇ ਪ੍ਰਸ਼ਨ | 4 ਅੰਕਾਂ ਦੇ ਪ੍ਰਸ਼ਨ | 6 ਅੰਕਾਂ ਦੇ ਪ੍ਰਸ਼ਨ | ਕੁੱਲ ਅੰਕ |
|---|---|---|---|---|---|---|
| 1 | ਸੰਖਿਆਵਾਂ | 2 | 1 | 1 | * | 8 |
| 2 | ਸੰਖਿਆਵਾਂ ਉੱਪਰ ਮੁੱਢਲੀਆਂ ਕਿਰਿਆਵਾਂ | 1 | * | 2 | * | 9 |
| 3 | ਮਹੱਤਮ ਸਮਾਵਰਤਕ ਅਤੇ ਲਘੁਤਮ ਸਮਾਪਵਰਤਯ | * | * | 1 | 1 | 1● |
| 4 | ਭਿੰਨਾਤਮਕ ਸੰਖਿਆਵਾਂ ਅਤੇ ਉਹਨਾਂ ਉੱਪਰ ਮੂਲ ਕਿਰਿਆਵਾਂ | 1 | 2 | 1 | * | 9 |
| 5 | ਦਸ਼ਮਲਵ ਅਤੇ ਉਹਨਾਂ ਉੱਪਰ ਮੁੱਢਲੀਆਂ ਕਿਰਿਆਵਾਂ | 1 | 2 | 1 | * | 9 |
| 6 | ਮੁਦਰਾ (ਪੈਸਿਆਂ) ਦਾ ਲੈਣ-ਦੇਣ | 1 | 1 | * | 1 | 9 |
| 7 | ਮਾਪਣ | 1 | 2 | * | 1 | 11 |
| 8 | ਅੰਕੜਿਆਂ ਦਾ ਸਚਿੱਤਰ ਚਿਤਰਨ | * | * | * | 1 | 6 |
| 9 | ਰੇਖਾ ਗਣਿਤ ਦੇ ਮੁੱਢਲੇ ਸੰਕਲਪ | * | 1 | 1 | * | 6 |
| 1● | ਤ੍ਰਿਭੁਜ (ਤਿਕੋਂਣਾਂ) | 1 | * | 1 | * | 5 |
| 11 | ਚੱਕਰ | 1 | 1 | 1 | * | 7 |
| 12 | ਪਰਿਮਾਪ, ਖੇਤਰਫਲ ਅਤੇ ਆਇਤਨ | 1 | * | 1 | 1 | 11 |
| | **ਕੁੱਲ ਜੋੜ** | **1●** | **1●** | **1●** | **5** | **1●●** |

## ਗਣਿਤ
## ਪਾਠਕ੍ਰਮ
## (ਪੰਜਵੀਂ ਸ਼੍ਰੇਣੀ)

### ਇਕਾਈ-1 : ਸੰਖਿਆਵਾਂ

ਸੰਖਿਆਵਾਂ ਨੂੰ ਪੜ੍ਹਨਾ ਅਤੇ ਲਿਖਣਾ, ਸੰਖਿਆਵਾਂ ਦੀ ਤੁਲਨਾ ਅਤੇ ਕ੍ਰਮਬੱਧ ਕਰਨਾ, ਸੰਖਿਆਵਾਂ ਦਾ ਨਿਕਟੀਕਰਣ, ਰੋਮਨ ਸੰਖਿਆ ਅੰਕ।

## ਇਕਾਈ–2 : ਸੰਖਿਆਵਾਂ ਉੱਤੇ ਮੂਲ ਕਿਰਿਆਵਾਂ

ਜੋੜ ਅਤੇ ਘਟਾਓ, ਗੁਣਾ ਅਤੇ ਭਾਗ, ਸ਼ਬਦ ਸਮੱਸਿਆਵਾਂ ਬਣਾਉਣਾ, ਨਮੂਨੇ, 9 ਵਿੱਚ ਖਤਮ ਹੋਣ

ਵਾਲੀਆਂ ਸੰਖਿਆਵਾਂ ਦੇ ਗੁਣਜਾਂ ਦੇ ਨਮੂਨੇ, ਸੰਖਿਆਵਾਂ ਦੇ ਜੋੜ ਦਾ ਨਮੂਨਾ, ਰੇਖਾ ਖੰਡਾਂ ਦੀ ਗਿਣਤੀ ਕਰਨ ਵਾਲੇ ਨਮੂਨੇ।

## ਇਕਾਈ–3 : ਮਹੱਤਵ ਸਮਾਪਵਰਤਕ ਅਤੇ ਲਘੁਤਮ ਸਮਾਪਵਰਤਯ

ਅਭਾਜ ਅਤੇ ਭਾਜ ਸੰਖਿਆਵਾਂ, ਅਭਾਜ ਗੁਣਨਖੰਡ, ਮਹੱਤਵ ਸਮਾਪਵਰਤਕ (ਮ.ਸ.ਵ.) ਅਭਾਜ ਗੁਣਨਖੰਡਣ ਦੁਆਰਾ ਮ.ਸ.ਵ., ਭਾਗ ਵਿਧੀ ਦੁਆਰਾ ਮ.ਸ.ਵ., ਲਘੁਤਮ ਸਮਾਪਵਰਤਯ, ਸੰਖਿਆਵਾਂ ਦੇ ਗੁਣਜਾਂ ਦੀ ਸਹਾਇਤਾ ਨਾਲ ਲ.ਸ.ਵ. ਪਤਾ ਕਰਨਾ, ਅਭਾਜ ਗੁਣਨਖੰਡ ਦੁਆਰਾ ਲ.ਸ.ਵ., ਭਾਗ ਵਿਧੀ ਦੁਆਰਾ ਲ.ਸ.ਵ. ਪਤਾ ਕਰਨਾ।

## ਇਕਾਈ–4 : ਭਿੰਨਤਾਵਾਂ ਸੰਖਿਆਵਾਂ ਅਤੇ ਇਹਨਾਂ ਉੱਤੇ ਮੂਲ ਕਿਰਿਆਵਾਂ

ਇੱਕ ਸਮੂਹ ਦਾ ਭਿੰਨਾਤਮਕ ਭਾਗ (ਹਿੱਸਾ), ਭਿੰਨ–ਭਾਗ ਦੇ ਰੂਪ ਵਿੱਚ, ਅਣਉੱਚਿਤ ਭਿੰਨਾਂ ਨੂੰ ਮਿਸ਼ਰਤ ਸੰਖਿਆਵਾਂ (ਮਿਸ਼ਰਤ ਭਿੰਨਾਂ) ਵਿੱਚ ਬਦਲਣਾਂ ਅਤੇ ਉਲਟ, ਤੁੱਲ ਭਿੰਨਾਂ, ਨਿਊਨਤਮ ਪਦਾਂ ਵਿੱਚ ਭਿੰਨਾਂ, ਸੰਖਿਆ/ਮਾਤਰਾ ਦਾ ਭਿੰਨਾਤਮਕ ਭਾਗ, ਭਿੰਨਾਂ ਦੀ ਤੁਲਨਾ ਅਤੇ ਕ੍ਰਮਬੱਧ ਕਰਨਾ, ਭਿੰਨਾਤਮਕ ਸੰਖਿਆਵਾਂ ਦਾ ਜੋੜ, ਘਟਾਉ, ਗੁਣਾਂ ਅਤੇ ਭਾਗ।

## ਇਕਾਈ–5 : ਦਸ਼ਮਲਵ ਅਤੇ ਇਹਨਾਂ ਉੱਤੇ ਮੂਲ ਕ੍ਰਿਰਿਆਵਾਂ

ਦਸ਼ਮਲਵ–ਸਥਾਨਕ ਮੁੱਲ ਸਾਰਣੀ ਦਾ ਸੱਜੇ ਪਾਸੇ ਵੱਲ ਵਿਸਥਾਰ, ਭਿੰਨਾਂ ਨੂੰ ਦਸ਼ਮਲਵਾਂ ਵਿੱਚ ਦਰਸਾਉਣਾ ਅਤੇ ਉਲਟ, ਪ੍ਰਤੀਸ਼ਤਤਾ, ਭਿੰਨ ਅਤੇ ਦਸ਼ਮਲਵ ਨੂੰ ਪ੍ਰਤੀਸ਼ਤ ਵਿੱਚ ਦਰਸਾਉਣਾ, ਪ੍ਰਤੀਸ਼ਤ ਨੂੰ ਭਿੰਨ ਅਤੇ ਦਸ਼ਮਲਵ ਵਿੱਚ ਦਰਸਾਉਣਾ, ਦਸ਼ਮਲਵਾਂ ਦੀ ਜੋੜ, ਘਟਾਓ ਅਤੇ ਗੁਣਾ, ਦਸ਼ਮਲਵਾਂ ਦੀ 10,100,1000 ਆਦਿ ਨਾਲ ਗੁਣਾਂ, ਦਸ਼ਮਲਵਾਂ ਦੀ ਭਾਗ, ਦਸ਼ਮਲਵ ਦੀ ਪੂਰਨ ਸੰਖਿਆ ਨਾਲ ਭਾਗ, ਦਸ਼ਮਲਵ ਦੀ ਦਸ਼ਮਲਵ ਨਾਲ ਭਾਗ, ਪੂਰਨ ਸੰਖਿਆ ਦੀ ਦਸ਼ਮਲਵ ਨਾਲ ਭਾਗ,

ਪੂਰਨ ਸੰਖਿਆ ਦੀ ਪੂਰਨ ਸੰਖਿਆ (ਸਿਫਰ ਤੋਂ ਬਿਨ੍ਹਾਂ) ਨਾਲ ਭਾਗ, ਦਸ਼ਮਲਵ ਦੀ 10,100,1000 ਆਦਿ ਨਾਲ ਭਾਗ।

## ਇਕਾਈ–6 : ਮੁਦਰਾ ਦਾ ਲੈਣ ਦੇਣ

ਇਕਾਈ ਵਿਧੀ, ਲਾਭ ਅਤੇ ਹਾਨੀ।

## ਇਕਾਈ–7 : ਮਾਪਣ

ਲੰਬਾਈ, ਪੁੰਜ ਅਤੇ ਸਮਾਈ (ਸਮਰੱਥਾ) ਦਾ ਮਾਪ, ਇੱਕ ਇਕਾਈ ਦੇ ਮਾਪ ਨੂੰ ਦੂਜੀ ਇਕਾਈ ਵਿੱਚ ਬਦਲਨਾ, ਅਨੁਮਾਨਿਤ ਮਾਪ, ਮਾਪਾਂ ਦਾ ਜੋੜ ਅਤੇ ਘਟਾਓ, ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ, ਸਮਾਂ, ਘੜੀ ਦਾ ਸਮਾਂ–24 ਘੰਟੇ ਅਨੁਸਾਰ, ਸਮੇਂ ਦੇ ਮਾਪ ਦਾ ਜੋੜ ਅਤੇ ਘਟਾਓ, ਤਾਪਮਾਨ, ਮਾਨਵ ਸਰੀਰ ਦਾ ਤਾਪਮਾਨ ਥਰਮਾਮੀਟਰ ਰਾਹੀਂ ਪੜ੍ਹਣਾ।

## ਇਕਾਈ–8 : ਅੰਕੜਿਆਂ ਦਾ ਸਚਿੱਤਰ ਚਿਤਰਨ

ਅੰਕੜੇ ਇਕੱਠੇ ਅਤੇ ਦਰਜ ਕਰਨਾ, ਵੱਡੇ ਅੰਕੜਿਆਂ ਦਾ ਸਚਿੱਤਰ ਚਿਤਰਨ।

## ਇਕਾਈ–9 : ਰੇਖਾ ਗਣਿਤ ਦੇ ਮੁੱਢਲੇ ਸੰਕਲਪ

ਬਿੰਦੂ, ਰੇਖਾ, ਰੇਖਾ ਖੰਡ, ਸਮਤਲ ਅਤੇ ਕਿਰਨ, ਕੋਣ, ਕੋਣਾਂ ਨੂੰ ਮਾਪਣਾ, ਕੋਣਾਂ ਦਾ ਵਰਗੀਕਰਨ, ਕੋਣਾਂ ਦੀ ਰਚਨਾ, ਸਮਾਂਤਰ ਰੇਖਾਵਾਂ, ਲੰਬਾਤਮਕ ਰੇਖਾਵਾਂ।

**ਇਕਾਈ–10 : ਤਿਕੋਣਾਂ**

ਤਿਕੋਣ ਅਤੇ ਇਸ ਦੇ ਭਾਗ, ਤਿਕੋਣ ਦੇ ਕੋਣਾਂ ਦਾ ਜੋੜ ਗੁਣ।

**ਇਕਾਈ–11 : ਚੱਕਰ**

ਪਰਕਾਰ ਨਾਲ ਚੱਕਰ ਖਿੱਚਣਾ, ਚੱਕਰ ਦੇ ਗੁਣ।

**ਇਕਾਈ –12 : ਪਰਿਮਾਪ, ਖੇਤਰਫਲ ਅਤੇ ਆਇਤਨ**

ਆਇਤ ਅਤੇ ਵਰਗ ਦਾ ਪਰਿਮਾਪ, ਖੇਤਰਫਲ, ਖੇਤਰਫਲ ਦੀਆਂ ਇਕਾਈਆਂ, ਜੀਓ ਬੋਰਡ/ਵਰਗਾਕਾਰ ਕਾਗਜ ਉੱਤੇ ਵਰਗਾਂ ਨੂੰ ਗਿਣਕੇ ਖੇਤਰਫਲ ਪਤਾ ਕਰਨਾ, ਆਇਤ ਅਤੇ ਵਰਗ ਦਾ ਖੇਤਰਫਲ, ਆਇਤਨ ਅਤੇ ਆਇਤਨ ਦੀਆਂ ਇਕਾਈਆਂ, ਘਣ ਅਤੇ ਘਣਾਵ ਦਾ ਆਇਤਨ।

**ਨਿਯਤ ਪਾਠ-ਪੁਸਤਕ**
**ਗਣਿਤ–5 (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮਾਧਿਅਮ)**
**(ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ)**

# 10. ਵਿਗਿਆਨ
# ਸ਼੍ਰੇਣੀ : ਛੇਵੀਂ
# ਪਾਠਕ੍ਰਮ (ਲਿਖਤੀ)

**ਸਮਾਂ : ਲਿਖਤੀ : 3 ਘੰਟੇ** | **ਲਿਖਤੀ ਅੰਕ : 60**
**ਪ੍ਰਯੋਗੀ : 1½ ਘੰਟਾ** | **ਪ੍ਰਯੋਗੀ ਅੰਕ : 20**
**ਆਂਤਰਿਕ ਮੁਲਾਂਕਣ : 20**
**ਕੁੱਲ ਅੰਕ : 100**

## ਅਗਵਾਈ ਲੀਹਾਂ

1. ਲਿਖਤੀ ਪ੍ਰੀਖਿਆ ਲਈ ਸਮੁੱਚੇ ਪਾਠਕ੍ਰਮ ਨੂੰ ਹੇਠ ਲਿਖੇ ਅਨੁਸਾਰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ।

| | | |
|---|---|---|
| ਭਾਗ ੳ ਭੌਤਿਕ ਵਿਗਿਆਨ | ਅਧਿਆਇ 1,2,3,4 | =15 ਅੰਕ |
| ਭਾਗ ਅ ਰਸਾਇਣ ਵਿਗਿਆਨ | ਅਧਿਆਇ 5,6,7 | = 15 ਅੰਕ |
| ਭਾਗ ੲ ਜੀਵ ਵਿਗਿਆਨ | ਅਧਿਆਇ 8,9,10,11 | =15 ਅੰਕ |
| ਭਾਗ ਸ ਵਾਤਾਵਰਣ ਸਿੱਖਿਆ | ਅਧਿਆਇ 12,13,14 | =15 ਅੰਕ |

## ਸਿਲੇਬਸ

**ਅਨੁਸਾਰ ਪਾਠ ਪੁਸਤਕ ਵਿਗਿਆਨ-6 ਐਡੀਸ਼ਨ-2008 ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ**

**ਜਾਂ**

**ਨੋਟ :- ਪਾਠ ਪੁਸਤਕ ਵਿਗਿਆਨ-6 ਪੁਰਾਣੀ ਐਡੀਸ਼ਨ ਜਿਸ ਵਿਚੋਂ ਅਧਿਆਇ 8 ਅਤੇ 12 ਕੱਢ ਦਿੱਤੇ ਗਏ ਹਨ ਅਤੇ ਅਧਿਆਇ 13 ਨੂੰ ਜੀਵ ਵਿਗਿਆਨ ਭਾਗ ਵਿੱਚ ਪਾ ਦਿੱਤਾ ਗਿਆ ਹੈ।**

## 11. ਵਿਗਿਆਨ
## ਸ਼੍ਰੇਣੀ : ਸੱਤਵੀਂ
## ਪਾਠਕ੍ਰਮ (ਲਿਖਤੀ)

| | |
|---|---|
| **ਸਮਾਂ : ਲਿਖਤੀ : 3 ਘੰਟੇ** | **ਲਿਖਤੀ ਅੰਕ : 60** |
| **ਪ੍ਰਯੋਗੀ : 1½ ਘੰਟਾ** | **ਪ੍ਰਯੋਗੀ ਅੰਕ : 20** |
| | **ਆਂਤਰਿਕ ਮੁਲਾਂਕਣ : 20** |
| | **ਕੁੱਲ ਅੰਕ : 100** |

## ਅਗਵਾਈ ਲੀਹਾਂ

1. ਲਿਖਤੀ ਪ੍ਰੀਖਿਆ ਲਈ ਸਮੁੱਚੇ ਪਾਠਕ੍ਰਮ ਨੂੰ ਹੇਠ ਦਿੱਤੇ ਅਨੁਸਾਰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ।

| | | |
|---|---|---|
| ਭਾਗ ੳ ਭੌਤਿਕ ਵਿਗਿਆਨ | ਅਧਿਆਇ 1,2,3,4,5 | = 15 ਅੰਕ |
| ਭਾਗ ਅ ਰਸਾਇਣ ਵਿਗਿਆਨ | ਅਧਿਆਇ 6,7,8,9 | = 15 ਅੰਕ |
| ਭਾਗ ੲ ਜੀਵ ਵਿਗਿਆਨ | ਅਧਿਆਇ 10,11,12,13,14,15 | = 15 ਅੰਕ |
| ਭਾਗ ਸ ਵਾਤਾਵਰਣ ਸਿੱਖਿਆ | ਅਧਿਆਇ 16,17,18,19 | = 15 ਅੰਕ |

## ਸਿਲੇਬਸ

**ਅਨੁਸਾਰ ਪੁਸਤਕ ਵਿਗਿਆਨ-7-ਐਡੀਸ਼ਨ 2008 ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ।**

**ਜਾਂ**

**ਨੋਟ :- ਪਾਠ ਪੁਸਤਕ ਵਿਗਿਆਨ-7 ਪੁਰਾਣੀ ਐਡੀਸ਼ਨ ਜਿਸ ਵਿਚੋਂ ਅਧਿਆਇ 17,18,19, ਅਤੇ 20 ਕੱਢ ਦਿੱਤੇ ਗਏ ਹਨ।**

## 12. ਵਿਗਿਆਨ
## ਸ਼੍ਰੇਣੀ : ਅੱਠਵੀਂ
## ਪਾਠਕ੍ਰਮ (ਲਿਖਤੀ)

| | |
|---|---|
| **ਸਮਾਂ : ਲਿਖਤੀ : 3 ਘੰਟੇ** | **ਲਿਖਤੀ ਅੰਕ : 75** |
| **ਪ੍ਰਯੋਗੀ : 1½ ਘੰਟੇ** | **ਪ੍ਰਯੋਗੀ ਅੰਕ : 25** |
| | **ਕੁੱਲ ਅੰਕ : 100** |

## ਅਗਵਾਈ ਲੀਹਾਂ (ਲਿਖਤੀ)

ਸੈਕਸ਼ਨ ਵਾਰ ਅਧਿਆਇ-ਵੰਡ ਅਤੇ ਅੰਕ-ਵੰਡ ਹੇਠ ਲਿਖੇ ਅਨੁਸਾਰ ਹੈ -

| | | |
|---|---|---|
| ਭਾਗ ੳ | ਅਧਿਆਇ-1,2,3,4 | = 20 ਅੰਕ |
| ਭਾਗ ਅ | ਅਧਿਆਇ-5,6,7,8,9 | = 20 ਅੰਕ |
| ਭਾਗ ੲ | ਅਧਿਆਇ- 10,11,12,13, | = 20 ਅੰਕ |
| ਭਾਗ ਸ (ਅਨੁਪੂਰਕ ਪੁਸਤਕਾਂ ਅਨੁਸਾਰ) | ਅਧਿਆਇ-9,11,12,14,15,16 | = 15 ਅੰਕ |

2. ਪ੍ਰਸ਼ਨ ਪੱਤਰ ਵਿੱਚ ਕੁੱਲ 26 ਪ੍ਰਸ਼ਨ ਕਰਨੇ ਜ਼ਰੂਰੀ ਹਨ।
3. 11 ਪ੍ਰਸ਼ਨ ਦੇ ਦੋ ਅੰਕਾਂ ਵਾਲੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ 30 ਸ਼ਬਦਾਂ ਦਾ ਹੋਵੇਗਾ।
4. 11 ਪ੍ਰਸ਼ਨ ਤਿੰਨ-ਤਿੰਨ ਅੰਕਾਂ ਦੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ 50 ਸ਼ਬਦਾਂ ਦਾ ਹੋਵੇਗਾ।
5. 4 ਪ੍ਰਸ਼ਨ ਪੰਜ-ਪੰਜ ਅੰਕਾਂ ਦੇ ਹੋਣਗੇ। ਹਰੇਕ ਪ੍ਰਸ਼ਨ ਦਾ ਉੱਤਰ ਲਗਭਗ 100 ਸ਼ਬਦਾਂ ਦਾ ਹੋਵੇਗਾ। ਇਹਨਾਂ ਚਾਰਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ। ਅੰਦਰੂਨੀ ਛੋਟ ਵਾਲਾ ਪ੍ਰਸ਼ਨ ਉਸੇ ਇਕਾਈ ਵਿੱਚੋਂ ਹੋਵੇਗਾ।
6. ਸੈਕਸ਼ਨਵਾਰ ਪ੍ਰਸ਼ਨਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :

| **ਸੈਕਸ਼ਨ ਨੰ :** | **ਕੁੱਲ ਅੰਕ** | **2 ਅੰਕਾਂ ਦੇ ਪ੍ਰਸ਼ਨ** | **3 ਅੰਕਾਂ ਦੇ ਪ੍ਰਸ਼ਨ** | **5 ਅੰਕਾਂ ਦੇ ਪ੍ਰਸ਼ਨ** |
|---|---|---|---|---|
| ੳ | 20 | 3 | 3 | 1 |
| ਅ | 20 | 3 | 3 | 1 |
| ੲ | 20 | 3 | 3 | 1 |
| ਸ | 15 | 2 | 2 | 1 |
| **ਕੁੱਲ ਅੰਕ** | 75 | 11 | 11 | 4 |

**ਜ਼ਰੂਰੀ ਨੋਟ :** ਪ੍ਰਸ਼ਨਾਂ ਦੇ ਉੱਤਰ ਦੀ ਲੰਬਾਈ ਮੁੱਖ ਤੌਰ ਤੇ ਪ੍ਰਸ਼ਨਾਂ ਦੀ ਪ੍ਰਕਿਰਤੀ ਤੇ ਨਿਰਭਰ ਕਰਦੀ ਹੈ। ਉਪਰੋਕਤ ਦਰਸਾਈ ਲੰਬਾਈ ਕੇਵਲ ਇਸ ਵਿਚ ਦਿੱਤੀ ਗਈ ਹੈ ਤਾਂ ਜੋ ਵਿਦਿਆਰਥੀਆਂ ਨੂੰ ਸੀਮਿਤ ਥਾਂ ਤੇ ਉੱਤਰ ਦੇਣ ਦਾ ਅਭਿਆਸ ਹੋ ਸਕੇ ਜੋ ਕਿ ਉਹਨਾਂ ਦੇ ਆਉਣ ਵਾਲੇ ਸਮੇਂ ਵਿੱਚ ਬਾਹਰੀ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਮੁੱਢਲੀ ਲੋੜ ਹੈ।

**ਨੋਟ :- ਭਾਗ ੲ** - ਪਾਠ ਪੁਸਤਕ ਵਿਗਿਆਨ-8 ਦਾ ਅਧਿਆਇ 14 ਸਿਰਫ ਪੜ੍ਹਨ ਲਈ ਹੈ ਅਤੇ ਇਸ ਵਿਚੋਂ ਪ੍ਰੀਖਿਆ ਵਿੱਚ ਪ੍ਰਸ਼ਨ ਨਹੀਂ ਪੁੱਛੇ ਜਾਣਗੇ।

**ਭਾਗ ਸ** - ਵਾਤਾਵਰਨ ਸਿੱਖਿਆ ਅਨੁਪੂਰਕ ਪੁਸਤਕ-8 ਵਿੱਚ ਅਧਿਆਇ 1 ਤੋਂ 8,10 ਅਤੇ 15 ਸਿਰਫ ਪੜ੍ਹਨ ਲਈ ਹਨ। ਇਨ੍ਹਾਂ ਵਿਚੋਂ ਪ੍ਰੀਖਿਆ ਵਿਚ ਪ੍ਰਸ਼ਨ ਨਹੀਂ ਪੁੱਛੇ ਜਾਣਗੇ। ਸਿਰਫ ਅਧਿਆਇ- 9,11,12,14,15,16 ਵਿੱਚੋਂ ਹੀ ਪ੍ਰਸ਼ਨ ਪ੍ਰੀਖਿਆ ਵਿੱਚ ਪੁੱਛੇ ਜਾਣਗੇ।

# 13. ਸਮਾਜਿਕ ਵਿਗਿਆਨ

## ਸ਼੍ਰੇਣੀ - ਅੱਠਵੀਂ

## ਭਾਗ-1 ਭੂਗੋਲ- (ਸਾਧਨ ਅਤੇ ਵਿਕਾਸ)

- ਸਾਧਨ : ਸਾਧਨ ਅਤੇ ਇਨ੍ਹਾਂ ਦੀਆਂ ਕਿਸਮਾਂ : ਕੁਦਰਤੀ ਅਤੇ ਮਨੁੱਖੀ

❖ ਕੁਦਰਤੀ ਸਾਧਨ : ਸੰਸਾਰ ਪੱਧਰ (ਭਾਰਤ ਦਾ ਵਿਸ਼ੇਸ਼ ਹਵਾਲਾ) ਤੇ ਇਨ੍ਹਾਂ ਦੀ ਵੰਡ, ਉਪਯੋਗ ਅਤੇ ਸੰਭਾਲ, ਧਰਤੀ ਅਤੇ ਮਿੱਟੀ, ਪਾਣੀ, ਕੁਦਰਤੀ ਬਨਸਪਤੀ, ਜੰਗਲੀ ਜੀਵ, ਖਣਿਜ ਅਤੇ ਸ਼ਕਤੀ ਸਾਧਨ।

❖ ਖੇਤੀਬਾੜੀ : ਖੇਤੀ ਦੀਆਂ ਕਿਸਮਾਂ, ਮੁੱਖ ਫਸਲਾਂ, ਅਨਾਜ ਫਸਲਾਂ, ਰੇਸ਼ੇਦਾਰ, ਪੇਅ-ਫਸਲਾਂ, ਖੇਤੀਬਾੜੀ ਦਾ ਵਿਕਾਸ- ਦੋ ਖੇਤਰਾਂ ਦਾ ਵੇਰਵਾ, ਇੱਕ ਭਾਰਤ (ਪੰਜਾਬ) ਦਾ ਅਤੇ ਦੂਸਰਾ ਯੂ.ਐਸ.ਏ./ਨੀਦਰਲੈਂਡ/ ਆਸਟਰੇਲੀਆਂ ਵਿੱਚੋਂ ਕਿਸੇ ਇਕ ਸਥਾਨ ਦਾ।

❖ ਉਦਯੋਗ : ਉਦਯੋਗਾਂ ਦਾ ਵਰਗੀਕਰਨ - ਆਕਾਰ, ਕੱਚੇ ਮਾਲ, ਮਲਕੀਅਤ, ਪ੍ਰਮੁੱਖ ਉਦਯੋਗ - ਇਨ੍ਹਾਂ ਦੀ ਵੰਡ, ਆਧਾਰਿਕ ਸਰੰਚਨਾ ਅਤੇ ਵਿਕਾਸ

I ਲੋਹਾ ਅਤੇ ਇਸਪਾਤ : ਜਮਸ਼ੇਦਪੁਰ ਅਤੇ ਯੂ.ਐਸ.ਏ. (ਡੈਟਰੀਅਟ) ਖੇਤਰਾਂ ਦਾ ਤੁਲਨਾਤਮਕ ਅਧਿਐਨ।

II ਕੱਪੜਾ ਉਦਯੋਗ; (ਅਹਿਮਦਾਬਾਦ ਅਤੇ ਉਸਾਕਾ)

III ਸੂਚਨਾ ਤਕਨੀਕ; (ਬੰਗਲੌਰ ਅਤੇ ਸੀਲੀਕੋਨ)

❖ ਮਨੁੱਖੀ ਸਾਧਨ : ਬਣਤਰ; ਵਸੋਂ ਪ੍ਰੀਵਰਤਨ, ਵੰਡ ਅਤੇ ਘਣਤਾ।

❖ ਆਫ਼ਤ ਪ੍ਰਬੰਧਨ : ਕੁਦਰਤੀ ਅਤੇ ਮਨੁੱਖ ਦੁਆਰਾ ਪ੍ਰਭਾਵਿਤ ਆਫ਼ਤਾਂ, ਬਚਾਉ, ਸਰਕਾਰ ਦੀ ਭੂਮਿਕਾ

## ਪ੍ਰੋਜੈਕਟ : ਕਿਰਿਆਵਾਂ

1. ਸਥਾਨਕ ਜਾਂ ਖੇਤਰੀ ਸਾਧਨ
2. ਸਥਾਨਕ ਖੇਤੀ -ਉਗਾਈਆਂ ਜਾਣ ਵਾਲੀਆਂ ਫਸਲਾਂ, ਨਿਰਮਾਣ ਉਦਯੋਗ ਦਾ ਪ੍ਰੇਖਣ ਕਰਨਾ ਅਤੇ ਉਸਦੀ ਰਿਪੋਰਟ ਤਿਆਰ ਕਰਨਾ।
3. ਸਥਾਨਕ ਪ੍ਰਣਾਲੀਆਂ, ਸਾਧਨਾਂ ਤੇ ਅਧਾਰਿਤ, ਇਨ੍ਹਾਂ ਦੇ ਚਿੱਤਰ, ਰੇਖਾ ਚਿੱਤਰ।
4. ਵਣ ਮਹਾਂਉਤਸਵ
5. ਕਿਸੇ ਉਦਯੋਗ/ਸਥਾਨਕ ਖੇਤੀ ਫਾਰਮ ਦਾ ਭ੍ਰਮਣ ਕਰਵਾਉਣਾ।

**ਨੋਟ : ਉਪਰੋਕਤ ਵਿਚੋਂ ਕੋਈ ਦੋ ਪ੍ਰੋਜੈਕਟ/ਕਿਰਿਆਵਾਂ ਕਰੋ।**

## ਭਾਗ – II ਇਤਿਹਾਸ (ਸਾਡਾ ਅਤੀਤ)

❖ **ਕਿੱਥੋ, ਕਦੋਂ, ਕਿਵੇਂ:** (ੳ) ਉਸ ਕਾਲ (ਯੁੱਗ) ਤੇ ਇਕ ਝਾਤ (ਅ) ਨਵੀਆਂ ਭੂਗੋਲਿਕ ਸ਼੍ਰੇਣੀਆਂ ਦੀ ਜਾਣ-ਪਛਾਣ। (ੲ) ਸਮਾਂ ਯੋਜਨਾ ਦੀ ਰੂਪ-ਰੇਖਾ। (ਸ) ਸ੍ਰੋਤਾਂ ਦੀ ਜਾਣਕਾਰੀ।

❖ **ਕੰਪਨੀ ਦੀ ਸ਼ਕਤੀ ਦੀ ਸਥਾਪਨਾ :** (ੳ) ਵਪਾਰਵਾਦ ਅਤੇ ਵਪਾਰਕ ਯੁੱਧ । (ਅ) ਇਲਾਕੇ (ਜ਼ਮੀਨੀ ਹੱਦਾਂ) ਲਈ ਸੰਘਰਸ਼, ਭਾਰਤੀ ਰਾਜਿਆਂ ਨਾਲ ਯੁੱਧ। (ੲ) ਸਿਵਲ ਸ਼ਾਸਨ-ਪ੍ਰਬੰਧ ਅਤੇ ਬਸਤੀਵਾਦੀ ਸੈਨਾ ਦਾ ਵਿਕਾਸ।

**ਵਿਸ਼ੇਸ਼ ਧਿਆਨ ਦੇਣ ਯੋਗ ਖੇਤਰ:** ਤਾਮਿਲਨਾਡੂ।

❖ **ਸਮਾਜ ਅਤੇ ਪੇਂਡੂ ਜੀਵਨ :** (ੳ) ਬਸਤੀਵਾਦੀ ਭੂ-ਸੁਧਾਰ ਨੀਤੀਆਂ, ਉਹਨਾਂ ਦਾ ਜ਼ਿਮੀਂਦਾਰਾਂ ਅਤੇ ਕਿਸਾਨਾਂ ' ਤੇ ਪ੍ਰਭਾਵ। (ਅ) ਵਪਾਰਕ ਫਸਲਾਂ ਦਾ ਵਿਕਾਸ। (ੲ) ਕਿਸਾਨ ਵਿਦਰੋਹ: ਨੀਲ ਵਿਦਰੋਹੀਆਂ ਬਾਰੇ ਸੰਖੇਪ ਅਧਿਐਨ

<u>ਵਿਸ਼ੇਸ਼ ਧਿਆਨ ਦੇਣ ਯੋਗ ਖੇਤਰ :</u> ਬੰਗਾਲ, ਬਿਹਾਰ ਅਤੇ ਪੰਜਾਬ ਵਿੱਚ ਬਾਅਦ ਵਿੱਚ ਵਾਪਰੀਆਂ ਘਟਨਾਵਾਂ ਨਾਲ ਤੁਲਨਾ।

- ❖ **<u>ਬਸਤੀਵਾਦ ਅਤੇ ਕਬਾਇਲੀ ਸਮਾਜ :</u>** (ੳ) 19 ਵੀਂ ਸਦੀ ਵਿਚ ਕਬਾਇਲੀ ਆਰਥਿਕ ਵਿਵਸਥਾਵਾਂ ਅਤੇ ਸੰਸਥਾਵਾਂ ਵਿਚ ਪਰਿਵਰਤਨ। (ਅ) ਕਬਾਇਲੀ ਵਿਦਰੋਹ ਬਿਰਸਾ ਮੁੰਡਾ ਬਾਰੇ ਵਿਸ਼ੇਸ਼ ਅਧਿਐਨ

  **<u>ਵਿਸ਼ੇਸ਼ ਧਿਆਨ ਦੇਣ ਯੋਗ ਖੇਤਰ:</u>** ਛੋਟਾ ਨਾਗਪੁਰ ਅਤੇ ਪੂਰਬੀ ਉੱਤਰ ( North east )

- ❖ **<u>ਉਦਯੋਗ ਅਤੇ ਕਿੱਤੇ (ਦਸਤਕਾਰੀ) :</u>** (ੳ) 19ਵੀਂ ਸਦੀ ਵਿੱਚ ਦਸਤਕਾਰੀ ਉਦਯੋਗ ਦਾ ਪਤਨ। (ਅ) 2●ਵੀਂ ਸਦੀ ਵਿੱਚ ਉਦਯੋਗਾਂ ਦੇ ਵਿਕਾਸ ਦਾ ਸੰਖੇਪ ਵਰਣਨ।

  **<u>ਸੰਖੇਪ ਅਧਿਐਨ :</u>** ਕੱਪੜਾ ਉਦਯੋਗ

- ❖ **<u>1857-58 ਈ: ਦਾ ਵਿਦਰੋਹ :</u>** (ੳ) ਸੈਨਾ ਦੁਆਰਾ ਵਿਦਰੋਹ ਅਤੇ ਅੰਦੋਲਨ ਦਾ ਪ੍ਰਸਾਰ। (ਅ) ਵਿਸ਼ਿਸ਼ਟ ਵਰਗ ਅਤੇ ਕਿਸਾਨਾਂ ਦੁਆਰਾ ਇਸ ਵਿੱਚ ਭਾਗ ਲੈਣ ਦਾ ਸਰੂਪ

  **<u>ਵਿਸ਼ੇਸ਼ ਧਿਆਨ ਦੇਣ ਯੋਗ ਖੇਤਰ :</u>** ਅਵਧ

- ❖ **<u>ਸਿੱਖਿਆ ਅਤੇ ਬ੍ਰਿਟਿਸ਼ ਸ਼ਾਸਨ :</u>** (ੳ) ਨਵੀਂ ਸਿੱਖਿਆ ਪ੍ਰਣਾਲੀ- ਸਕੂਲ, ਪਾਠ-ਕ੍ਰਮ, ਕਾਲਜ਼, ਯੂਨੀਵਰਸਿਟੀਆਂ, ਤਕਨੀਕੀ ਸਿਖਲਾਈ। (ਅ) ਪੁਰਾਣੀਆਂ/ਦੇਸੀ ਪ੍ਰਣਾਲੀਆਂ ਵਿਚ ਪਰਿਵਰਤਨ। (ੲ) ਰਾਸ਼ਟਰੀ ਸਿੱਖਿਆ ਦਾ ਵਿਕਾਸ।

  **<u>ਸੰਖੇਪ ਅਧਿਐਨ :</u>** ਬਾੜੌਦਾ ਅਤੇ ਅਲੀਗੜ੍ਹ।

- ❖ **<u>ਇਸਤਰੀਆਂ ਅਤੇ ਸੁਧਾਰ :</u>** (ੳ) ਸਤੀ ਪ੍ਰਥਾ, f ਵਧਵਾ ਪੁਨਰ ਵਿਆਹ, ਬਾਲ ਵਿਆਹ ਅਤੇ ਵਿਆਹ ਲਈ ਉਮਰ ਦੀ ਸਹਿਮਤੀ ਬਾਰੇ ਵਿਚਾਰ-ਵਟਾਂਦਰਾਂ। (ਅ) ਇਸਤਰੀਆਂ ਦੀ ਸਥਿਤੀ ਅਤੇ ਇਸਤਰੀਆਂ ਦੀ ਸਿੱਖਿਆ ਬਾਰੇ ਵੱਖ-ਵੱਖ ਸੁਧਾਰਕਾਂ ਦੇ ਵਿਚਾਰ।

  **<u>ਵਿਸ਼ੇਸ਼ ਧਿਆਨ ਦੇਣ ਯੋਗ ਖੇਤਰ :</u>** ਮਹਾਂਰਾਸ਼ਟਰ ਅਤੇ ਬੰਗਾਲ।

- ❖ **<u>ਜਾਤੀ ਪ੍ਰਥਾ ਨੂੰ ਚੁਣੌਤੀ :</u>** (ੳ) ਜਾਤੀ ਪ੍ਰਥਾ ਬਾਰੇ ਦਲੀਲਾਂ। ਫੂਲ, ਵੀਰਾਸਾਲਿੰਗਮ, ਸ਼੍ਰੀ ਨਰਾਇਣ ਗੁਰੂ, ਪਰਿਆਰ, ਗਾਂਧੀ, ਅੰਬੇਦਕਰ ਦੇ ਵਿਚਾਰ। (ਅ) ਸੁਧਾਰਕਾਂ ਦੀਆਂ ਗਤੀਵਿਧੀਆਂ ਦੇ ਪ੍ਰਭਾਵ ਅਤੇ ਸਿੱਟੇ।

  **<u>ਸੰਖੇਪ ਅਧਿਐਨ:</u>** ਮਹਾਰਾਸ਼ਟਰ, ਆਂਧਰਾ ਪ੍ਰਦੇਸ਼।

- ❖ **<u>ਬਸਤੀਵਾਦ ਅਤੇ ਸ਼ਹਿਰੀ ਪਰਿਵਰਤਨ :</u>** (ੳ) ਸ਼ਹਿਰੀਕਰਣ ਅਤੇ ਨਵੇਂ ਕਸਬਿਆਂ ਦਾ ਹੋਂਦ ਵਿੱਚ ਆਉਣਾ। (ਅ) ਬਸਤੀਵਾਦੀ ਨੀਤੀਆਂ ਅਤੇ ਸੰਸਥਾਵਾਂ ਨਗਰ ਪਾਲਿਕਾਵਾਂ, ਜਨਤਕ ਕੇਸ, ਯੋਜਨਾ, ਰੇਲਵੇ ਲਾਇਨਾਂ, ਪੁਲਿਸ ਦਾ ਅੰਤਰ ਨਿਹਿਤ ( Implications ) ਪ੍ਰਭਾਵ।

  **<u>ਸੰਖੇਪ ਅਧਿਐਨ :</u>** ਦਿੱਲੀ।

- ❖ **<u>ਚਿੱਤਰਕਾਰੀ ਕਲਾ, ਸਾਹਿਤ, ਭਵਨ ਨਿਰਮਾਣ ਕਲਾ ਵਿਚ ਪਰਿਵਰਤਨ:</u>** (ੳ) ਨਵੀਆਂ ਤਕਨੀਕਾਂ ਅਤੇ ਸੰਸਥਾਵਾਂ ਦਾ ਪ੍ਰਭਾਵ: ਕਲਾ ਸਕੂਲ, ਪ੍ਰੇਟਿੰਗ ਪ੍ਰੈਸ। (ਅ) ਪੱਛਮੀ ਵਿਦਿਅਕ ਢੰਗ (Style) ਅਤੇ ਰਾਸ਼ਟਰਵਾਦੀ ਕਲਾ। (ੲ) ਨਾਟਕੀ ਕਲਾ ਵਿਚ ਪਰਿਵਰਤਨ-ਸੰਗੀਤ ਅਤੇ ਨਾਚ ਦਾ ਜਨਤਕ ਕਾਰਜ ਖੇਤਰ ਵਿਚ ਪ੍ਰਵੇਸ਼। (ਸ) ਲੇਖਣ ਕਲਾ ਦੇ ਨਵੇਂ ਰੂਪ। (ਹ) ਨਵੀਂ ਭਵਨ ਨਿਰਮਾਣ ਕਲਾ।

  **<u>ਸੰਖੇਪ ਅਧਿਐਨ:</u>** ਮੁਬੰਈ, ਚੇਨਈ

- **<u>ਰਾਸ਼ਟਰਵਾਦੀ ਅੰਦੋਲਨ :</u>** (ੳ) 187● ਈ: ਤੋਂ 194● ਈ: ਤੱਕ ਦੇ ਰਾਸ਼ਟਰਵਾਦੀ ਅੰਦੋਲਨ ਦਾ ਸੰਖੇਪ ਵਰਣਨ। (ਅ) ਅੰਦੋਲਨ ਦੀਆਂ ਵੱਖ-ਵੱਖ ਅੰਦਰੂਨੀ ਪ੍ਰਵਿਰਤੀਆਂ ਅਤੇ ਇਸ ਵਿਚ ਸ਼ਾਮਲ ਹੋਏ ਵੱਖ-ਵੱਖ ਸਮਾਜਿਕ ਵਰਗਾਂ ਦਾ ਵਰਨਣ: (1) ਕੂਕਾ ਅੰਦੋਲਨ (2) ਗਦਰ ਲਹਿਰ (3)ਨਾ-ਮਿਲਵਰਤਨ ਅੰਦੋਲਨ ਅਤੇ ਜਲ੍ਹਿਆਂਵਾਲਾ ਬਾਗ ਹੱਤਿਆਕਾਂਡ (4) ਸਿੰਘ ਸਭਾ ਅਤੇ ਅਕਾਲੀ ਲਹਿਰ (5) ਆਜ਼ਾਦੀ ਸੰਘਰਸ਼ ਵਿਚ ਕ੍ਰਾਂਤੀਕਾਰੀਆਂ ਦਾ ਰੋਲ। (ੲ) ਸੰਵਿਧਾਨਿਕ ਪਰਿਵਰਤਨਾਂ ਨਾਲ ਸਬੰਧ,

**<u>ਸੰਖੇਪ ਅਧਿਐਨ:</u>** ਖਿਲਾਫ਼ਤ ਤੋਂ ਨਾ-ਮਿਲਵਰਤਨ ਅੰਦੋਲਨ।

- **<u>ਆਜ਼ਾਦੀ ਦੇ ਬਾਅਦ ਦਾ ਭਾਰਤ:</u>** (ੳ) 1947 ਈਂ ਤੋਂ ਰਾਸ਼ਟਰੀ ਅਤੇ ਪ੍ਰਦੇਸ਼ਿਕ ਪ੍ਰਗਤੀਆਂ। (ਅ) ਦੂਜੇ ਦੇਸ਼ਾਂ ਨਾਲ ਸਬੰਧ। (ੲ) ਭਵਿੱਖ ਬਾਰੇ ਵਿਚਾਰ।

## ਭਾਗ – III ਨਾਗਰਿਕ ਸ਼ਾਸ਼ਤਰ
## (ਸਮਾਜਿਕ ਅਤੇ ਰਾਜਨੀਤਿਕ ਜੀਵਨ)

**ਸੰਵਿਧਾਨ :**

**ਕਾਨੂੰਨ ਦੀ ਜਰੂਰਤ ਤੇ ਸੰਵਿਧਾਨ ਦੀ ਭੂਮਿਕਾ**

- ਕਾਨੂੰਨ ਦੀ ਜਰੂਰਤ ਦਾਜ ਦੀ ਉਦਾਹਰਣ ਰਾਹੀਂ
- ਕਾਨੂੰਨ ਦੀ ਅਨੁਕੂਲਤਾ ਬਾਰੇ ਸੰਵਿਧਾਨ ਦੀ ਭੂਮਿਕਾ
- ਕਾਨੂੰਨ ਤੇ ਇਹਨਾਂ ਦੀ ਵਿਰੋਧਤਾ, ਲੂਣ ਸਤਿਆਗ੍ਰਹਿ ਤੇ 1947 ਤੋਂ ਬਾਅਦ ਦਾ ਸ਼ਰਾਬ-ਬੰਦੀ ਅੰਦੋਲਨ ਦੀ ਉਦਾਹਰਣ ਸਹਿਤ।

**ਭਾਰਤੀ ਸੰਵਿਧਾਨ ਵਿੱਚ ਧਰਮ ਨਿਰਪੱਖਤਾ ਦੀ ਮਹੱਤਤਾ ਬਾਰੇ ਕਲਪਨਾ**

- ਸੰਵਿਧਾਨ ਦੇ ਆਦਰਸ਼ਾਂ ਦਾ ਕਾਨੂੰਨ ਦੇ ਰੂਪ ਵਿੱਚ ਪਰਿਵਰਤਨ/ਰੂਪਾਂਤਰਨ
- ਮੁਢਲੇ ਅਧਿਕਾਰ ਮਨੁੱਖੀ ਅਧਿਕਾਰਾਂ ਵਜੋਂ
- ਮੁੱਢਲੇ ਕਰਤੱਵ
- ਅਧਿਕਾਰ ਸਭ ਲਈ ਵੱਖ-ਵੱਖ ਸਮੁਦਾਵਾਂ ਦੀਆਂ ਕੁੱਝ ਆਧੁਨਿਕ ਘਟਨਾਵਾਂ ਦੇ ਉਦਾਹਰਣ ਜਿੰਨਾਂ ਰਾਹੀਂ ਅਧਿਕਾਰਾਂ ਨੂੰ ਅਮਲੀ ਰੂਪ ਦਿੱਤਾ

### ਸੰਸਦੀ ਸਰਕਾਰ :

**ਭਾਰਤ ਵਿੱਚ ਸੰਸਦੀ ਸਰਕਾਰ ਦੀ ਚੋਣ ਕਿਉ ?**

- ਸੰਸਦ ਦੀ ਬਣਤਰ ਦੀਆਂ ਮੁੱਖ ਵਿਸ਼ੇਸ਼ਤਾਵਾਂ ਤੇ ਕਾਨੂੰਨ ਬਣਾਉਂਦੇ ਸਮੇਂ ਬਿੱਲ ਦੀ ਬਹਿਸ ਵਿੱਚ ਇਸ ਦੀ ਭੂਮਿਕਾ
- ਸਰਕਾਰ ਦੀ ਸੰਸਦ ਪ੍ਰਤੀ ਜਵਾਬਦੇਹੀ
- ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਮੰਤਰੀ ਮੰਡਲ ਦੀ ਭੂਮਿਕਾ

**ਵਿਸ਼ਾ ਅਧਿਐਨ** ( ਰਾਸ਼ਟਰਪਤੀ ਦੀਆਂ ਅਸਲੀ ਸ਼ਕਤੀਆਂ ਬਾਰੇ ਨਹਿਰੂ ਜੀ ਤੇ ਰਾਜਿੰਦਰ ਪ੍ਰਸਾਦ ਦੀ ਆਪਸੀ ਬਹਿਸ)

- ਘੱਟ- ਘੱਟ ਮਿਹਨਤਾਨਾ ਜਾਂ ਕਿਸੇ ਹੋਰ ਕੌਮੀ ਸਮੱਸਿਆ ਸਬੰਧੀ ਕਾਨੂੰਨ ਦੀ ਲੋੜ ਤੇ ਕਾਨੂੰਨ ਸਾਜਾਂ ਦੇ ਚਿੰਤਾਜਨਕ ਲੱਛਣ
- ਕਾਨੂੰਨ ਲਾਗੂ ਕਰਨ ਜਾਂ ਕਾਨੂੰਨ ਨੂੰ ਅਮਲੀ ਰੂਪ ਦੇਣਾ

## ਨਿਆਂਪਾਲਕਾ :

- ❖ ਮੁਕੱਦਮਾ ਹੇਠਲੀ ਕਚਹਿਰੀ ਤੋਂ ਉਪਰਲੀ ਕਚਹਿਰੀ ਵਿੱਚ ਲਿਜਾਣ ਬਾਰੇ ਨਿਆਂ ਪਾਲਿਕਾ ਦੁਆਰਾ ਅਪਣਾਇਆ ਜਾਂਦਾ ਢਾਂਚਾ ਤੇ ਕਾਰਜ ਵਿਧੀ
- ❖ ਸਿਵਲ ਤੇ ਫੌਜਦਾਰੀ ਮੁਕੱਦਮੇ ਵਿੱਚ ਅੰਤਰ
- ❖ ਕਾਰਜਵਿਧੀ ਦੀ ਤਰਕ ਅਧਾਰਤਾ

**ਸਰਕਾਰੀ ਵਕੀਲ ਦੀ ਭੂਮਿਕਾ** (ਜਨਤਕ ਪੈਰਵਾਈ ਕਰਤਾ)

- ❖ ਪੁਲਿਸ ਦੀ ਗੈਰ ਕਾਨੂੰਨੀ-ਐਫ.ਆਈ.ਆਰ.ਦਰਜ ਨਾ ਕਰਨ ਸਬੰਧੀ ਸੁਪਰੀਮ ਕੋਰਟ ਦੇ ਆਦੇਸ਼ ।

## ਸਮਾਜਿਕ ਨਿਆਂ :

- ❖ ਸਮਾਜਿਕ ਅਸਮਾਨਤਾਵਾਂ ਦੀਆਂ ਕਿਸਮਾਂ-ਸਮਾਜਿਕ ਨਿਆਂ ਬਾਰੇ ਸੰਵਿਧਾਨਿਕ ਸਹੂਲਤਾਂ
- ❖ ਸਮਾਜਿਕ ਅਸਮਾਨਤਾ ਦੇ ਪ੍ਰਭਾਵ
- ❖ ਰਾਖਵਾਂਕਰਨ

**ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਹੱਥਾਂ ਨਾਲ ਸਫਾਈ ( ਮੈਲਾ ਢੋਣ ਵਾਲਿਆਂ) ਦੀ ਮੌਜੂਦਾ ਸਥਿਤੀ ਬਾਰੇ** ਕਾਨੂੰਨ

## ਸਰਕਾਰ ਦੀ ਆਰਥਿਕ ਸਥਿਤੀ :

ਸਮਾਜਿਕ ਖੇਤਰ ਵਿੱਚ ਸਰਕਾਰ ਦੀਆਂ ਵਿਕਾਸਕਾਰੀ ਕਿਰਿਆਵਾਂ ਬਾਰੇ ਜਾਣਕਾਰੀ-ਸਰਕਾਰ ਦੀ ਲੋੜ, ਸਹੂਲਤਾਂ ਤੇ ਲੋਕਾਂ ਉਪਰ ਇਹਨਾਂ ਦਾ ਪ੍ਰਭਾਵ।

**ਪਾਠ-ਪੁਸਤਕ : ਸਮਾਜਿਕ ਵਿਗਿਆਨ (ਅੱਠਵੀਂ ਸ਼੍ਰੇਣੀ ਲਈ) ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਮਾਧਿਅਮ**
**ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ**